Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post
Vol 20*Issue 40 Thursday, February 25, 2021 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਉੱਘੇ ਪੰਜਾਬੀ ਗਾਇਕ ਸਰਦੂਲ ਸਿਕੰਦਰ ਨਹੀਂ ਰਹੇ



ਮੋਹਾਲੀ, 24 ਫਰਵਰੀ, (ਪੋਸਟ ਬਿਊਰੋ)- ਪੰਜਾਬੀ ਦੇ ਮੰਨੇ ਪ੍ਰਮੰਨੇ ਗਾਇਕ ਅਤੇ ਅਦਾਕਾਰ ਸਰਦੂਲ ਸਿਕੰਦਰ ਦਾ ਅੱਜ ਬੁੱਧਵਾਰ ਨੂੰ ਮੋਹਾਲੀ ਦੇ ਫੋਰਟਿਸ ਹਸਪਤਾਲ ਵਿਚ ਦੇਹਾਂਤ ਹੋ ਗਿਆ। ਉਨ੍ਹਾਂ ਦੀ ਮੌਤ ਹੋ ਜਾਣਬਾਰੇ ਸੁਣ ਕੇ ਕਈ ਲੋਕ ਹਸਪਤਾਲ ਪਹੁੰਚੇ। ਕਈ ਕਲਾਕਾਰਾਂ ਨੇ ਕਿਹਾ ਕਿ ਕਿਸਾਨ ਅੰਦੋਲਨ ਦੇ ਦੌਰਾਨ ਸਿਕੰਦਰ ਨਾਲ ਮੁਲਾਕਾਤ ਹੋਈ ਸੀ ਤਾਂ ਇਹ ਬਿਲਕੁਲ ਨਹੀਂ ਲੱਗਦਾ ਸੀ ਕਿ ਉਹ ਇਸ ਤਰ੍ਹਾਂ ਛੱਡ ਜਾਣਗੇ। ਸਰਦੂਲ ਸਿਕੰਦਰ ਦੀ ਮੌਤ ਦੀ ਖਬਰ ਸੁਣਦੇ ਹੀ ਮੋਹਾਲੀ ਦੇ ਫੋਰਟਿਸ ਹਸਪਤਾਲ ਵਿਚ ਪੰਜਾਬੀ ਗਾਇਕ ਐਮੀ ਵਿਰਕ ਤੋਂ ਲੈ ਕੇ ਗੁਰਪ੍ਰੀਤ ਘੁੱਗੀ, ਰਣਜੀਤ ਬਾਵਾ, ਕਮਲਜੀਤ ਅਨਮੋਲ ਵਰਗੇ ਨਾਮੀ ਕਲਾਕਾਰ ਹਸਪਤਾਲ ਪੱਜੇ। ਇਸ ਮੌਕੇ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ, ਸਾਧੂ ਸਿੰਘ ਧਰਮਸੋਤ ਵੀ ਪਹੁੰਚੇ। ਪਤਾ ਲੱਗਾ ਹੈ ਕਿ ਕੋਵਿਡ ਦੀ ਰਿਪੋਰਟ ਨੈਗੇਟਿਵ ਆਉਣ ਪਿੱਛੋਂ ਉਹ ਹਸਪਤਾਲ ਦਾਖਲ ਸਨ, ਪਰ ਕੋਰੋਨਾ ਤੋਂ ਬਾਅਦ ਦੇ ਪ੍ਰਭਾਵ ਵੱਧ ਘਾਤਕ ਸਿੱਧ ਹੋਏ, ਕਿਉਂਕਿ ਉਨ੍ਹਾਂ ਦਾ ਕਿਡਨੀ ਟਰਾਂਸਪਲਾਂਟ ਹੋਇਆ ਸੀ।

## ਆਉਣ ਵਾਲੇ ਹਫਤਿਆਂ ਵਿਚ ਫਾਈਜ਼ਰ ਤੇ ਮੌਡਰਨਾ ਵੈਕਸੀਨ ਸਪਲਾਈ ਵਿਚ ਲਿਆਉਣਗੀਆਂ ਤੇਜ਼ੀ



ਓਟਵਾ, 24 ਫਰਵਰੀ (ਪੋਸਟ ਬਿਊਰੋ) : ਫਾਈਜ਼ਰ-ਬਾਇਓਐਨਟੈਕ ਤੇ ਮੌਡਰਨਾ ਦੇ ਐਗਜ਼ੈਕਟਿਵਜ਼ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਕੋਵਿਡ-19 ਵੈਕਸੀਨ ਦੀ ਸਪਲਾਈ ਦੇ ਕੰਮ ਵਿੱਚ ਤੇਜ਼ੀ ਲਿਆਂਦੀ ਜਾ ਰਹੀ ਹੈ। ਆਉਣ ਵਾਲੇ ਹਫਤਿਆਂ ਵਿੱਚ ਇਨ੍ਹਾਂ ਵੈਕਸੀਨਜ਼ ਦੀ ਖੇਪ ਦੁੱਗਣੀ ਤੇ ਤਿੱਗੁਣੀ ਹੋਣ ਦੀ ਸੰਭਾਵਨਾ ਵੀ ਪ੍ਰਗਟਾਈ ਗਈ ਹੈ।

ਇਸ ਹਫਤੇ ਕੈਨੇਡਾ ਨੂੰ ਦੋਵਾਂ ਡਿਸਟ੍ਰੀਬਿਊਟਰਜ਼ ਤੋਂ ਸਾਂਝੇ ਤੌਰ ਉੱਤੇ ਸੱਭ ਤੋਂ ਵੱਡੀ ਖੇਪ ਮਿਲਣ ਵਾਲੀ ਹੈ। ਸੋਮਵਾਰ ਨੂੰ ਫਾਈਜ਼ਰ ਦੇ ਚੀਫ ਬਿਜ਼ਨਸ ਅਧਿਕਾਰੀ ਜੌਹਨ ਯੰਗ ਨੇ ਕਾਂਗਰਸ ਨੂੰ ਦੱਸਿਆ ਕਿ ਮਾਰਚ ਦੇ ਅੱਧ ਤੱਕ ਕੰਪਨੀ ਹਰ ਹਫਤੇ ਵੈਕਸੀਨ ਡਲਿਵਰ ਕਰਨ ਦੀ ਆਪਣੀ ਸਮਰੱਥਾ ਵਧਾਉਣ ਜਾ ਰਹੀ ਹੈ ਤੇ ਇਹ 13 ਮਿਲੀਅਨ ਪ੍ਰਤੀ ਹਫਤਾ ਤੱਕ ਪਹੁੰਚ ਸਕਦੀ ਹੈ। ਯੰਗ ਨੇ ਆਖਿਆ ਕਿ ਮੈਨੂਫੈਕਚਰਿੰਗ ਵਿੱਚ ਕੀਤੇ ਜਾਣ ਵਾਲੇ ਨਿਵੇਸ਼ ਤੇ ਸੁਧਾਰ ਤੋਂ ਬਾਅਦ ਹੀ ਉਹ ਉਤਪਾਦਨ ਵਿੱਚ ਵਾਧਾ ਹੋਣ ਦਾ ਦਾਅਵਾ ਕਰ ਰਹੇ ਹਨ।

ਇਸ ਸਮੇਂ ਫਾਈਜ਼ਰ, 4 ਤੋਂ 5 ਮਿਲੀਅਨ ਡੋਜ਼ਾਂ ਪ੍ਰਤੀ ਹਫਤੇ ਤਿਆਰ ਕਰ ਤੇ ਵੰਡ ਰਹੀ ਹੈ। ਇਸ ਦੌਰਾਨ ਮੌਡਰਨਾ ਦੇ ਪ੍ਰੈਜ਼ੀਡੈਂਟ ਡਾ. ਸਟੀਫਨ ਹੋਗ ਨੇ ਆਖਿਆ ਕਿ ਉਨ੍ਹਾਂ ਨੂੰ ਆਸ ਹੈ ਕਿ ਅਪਰੈਲ ਤੱਕ ਉਨ੍ਹਾਂ ਦੀ ਮਹੀਨਾਵਾਰੀ ਡਲਿਵਰੀ ਸਮਰੱਥਾ ਦੁੱਗਣੀ ਹੋ ਕੇ 40 ਮਿਲੀਅਨ ਡੋਜ਼ਾਂ ਤੱਕ ਪਹੁੰਚ ਜਾਵੇਗੀ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਟਰੈਕ ਉੱਤੇ ਹਨ ਤੇ ਸਾਡੀ ਸਥਿਤੀ ਬਿਹਤਰ ਹੈ।

ਫਾਈਜ਼ਰ ਤੇ ਮੌਡਰਨਾ ਵੱਲੋਂ ਸਪਲਾਈ ਵਿੱਚ ਵਾਧੇ ਦੇ ਪ੍ਰਗਟਾਏ ਗਏ ਭਰੋਸੇ ਦੇ ਚੱਲਦਿਆਂ ਕੈਨੇਡਾ ਨੂੰ ਮਾਰਚ ਦੇ ਅੰਤ ਤੱਕ ਦੋਵਾਂ ਕੰਪਨੀਆਂ ਦੀਆਂ ਛੇ ਮਿਲੀਅਨ ਡੋਜ਼ਾਂ ਸਾਂਝੇ ਤੌਰ ਉੱਤੇ ਮਿਲਣ ਦੀ ਆਸ ਹੈ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

INSURANCE
Home
Business
Life Insurance
Auto
Trucking
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd.
1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar
647-780-2022
120 Woodstream Blvd, Woodbridge, ON, L4L 7Z1
Lic # R534503

## ਯੌਰਕ ਰੀਜਨ ਵਿੱਚ ਅਜੇ ਵੀ ਲਾਇਆ ਜਾਵੇ ਲਾਕਡਾਊਨ : ਡੈਲ ਡੂਕਾ



ਟੋਰਾਂਟੋ, 24 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਲਿਬਰਲ ਆਗੂ ਸਟੀਵਨ ਡੈਲ ਡੂਕਾ ਦਾ ਕਹਿਣਾ ਹੈ ਕਿ ਯੌਰਕ ਰੀਜਨ ਵਿੱਚ ਅਜੇ ਵੀ ਪ੍ਰੋਵਿੰਸ਼ੀਅਲ ਸ਼ੱਟਡਾਊਨ ਕੀਤਾ ਜਾਣਾ ਚਾਹੀਦਾ ਸੀ ਤੇ ਹੋਰ ਦੋ ਹਫਤਿਆਂ ਲਈ ਸਟੇਅ ਐਟ ਹੋਮ ਆਰਡਰਜ਼ ਵੀ ਜਾਰੀ ਕੀਤੇ ਜਾਣੇ ਚਾਹੀਦੇ ਸਨ। ਲਿਬਰਲ ਆਗੂ ਵੱਲੋਂ ਇਸ ਤਰ੍ਹਾਂ ਦਾ ਬਿਆਨ ਉਸ ਸਮੇਂ ਆਇਆ ਜਦੋਂ ਰੀ-ਓਪਨਿੰਗ ਦੇ ਪਹਿਲੇ ਦਿਨ ਹੀ ਮਾਲਜ਼ ਤੇ ਹੋਰ ਕਾਰੋਬਾਰੀ ਅਦਾਰਿਆਂ ਵਿੱਚ ਲੋਕਾਂ ਦੀ ਭੀੜ ਟੁੱਟ ਪਈ।

ਸੋਮਵਾਰ ਨੂੰ ਯੌਰਕ ਰੀਜਨ ਨੂੰ ਰਸਮੀ ਤੌਰ ਉੱਤੇ ਰੈੱਡ ਕੰਟਰੋਲ ਜ਼ੋਨ ਐਲਾਨਿਆ ਗਿਆ ਸੀ। ਇਸ ਤਹਿਤ ਸਾਰੇ ਕਾਰੋਬਾਰੀ ਅਦਾਰੇ ਇੰਡੋਰ ਸ਼ਾਪਿੰਗ ਲਈ ਖੋਲ੍ਹ ਦਿੱਤੇ ਜਾਂਦੇ ਹਨ ਤੇ ਸਖ਼ਤ ਪਾਬੰਦੀਆਂ ਤਹਿਤ ਰੈਸਟੋਰੈਂਟਸ ਵਿੱਚ ਇੰਡੋਰ ਡਾਈਨਿੰਗ ਵੀ ਕੀਤੀ ਜਾ ਸਕਦੀ ਹੈ। ਇੱਥੇ ਦਸ ਹਫਤਿਆਂ ਵਿੱਚ ਪਹਿਲੀ ਵਾਰੀ ਆਮ ਹਾਲਾਤ ਦਾ ਅਹਿਸਾਸ ਵੇਖਣ ਨੂੰ ਮਿਲਿਆ ਹੈ। ਰੀਓਪਨਿੰਗ ਤੋਂ ਫੌਰਨ ਬਾਅਦ ਮਾਲਜ਼ ਤੇ ਹੋਰਨਾਂ ਸਟੋਰਜ਼ ਆਦਿ ਵਿੱਚ ਲੰਮੀਆਂ ਕਤਾਰਾਂ ਵੇਖਣ ਨੂੰ ਮਿਲੀਆਂ। ਇਸ ਤੋਂ ਬਾਅਦ ਹੀ ਮਾਰਖਮ ਦੇ ਮੇਅਰ ਨੇ ਵੀ ਚਿੰਤਾ ਪ੍ਰਗਟਾਉਂਦਿਆਂ ਪਾਬੰਦੀਆਂ ਹੋਰ ਸਮੇਂ ਲਈ ਜਾਰੀ ਰੱਖਣ ਦੀ ਮੰਗ ਕੀਤੀ। ਉਨ੍ਹਾਂ ਆਖਿਆ ਕਿ ਵੱਡੇ ਰੀਟੇਲਰਜ਼ ਤੇ ਗਰੋਸਰੀ ਸਟੋਰਜ਼ ਵਿੱਚ ਲੋਕਾਂ ਦੇ ਸੀਮਤ ਇੱਕਠ ਦੀ ਹੀ ਇਜਾਜ਼ਤ ਦੇਣੀ ਚਾਹੀਦੀ ਹੈ।

ਡੈਲ ਡੂਕਾ ਯੌਰਕ ਰੀਜਨ ਵਿੱਚ ਰਹਿੰਦੇ ਹਨ ਤੇ 2018 ਤੱਕ ਉਨ੍ਹਾਂ ਵਾਅਨ-ਵੁੱਡਬ੍ਰਿੱਜ ਹਲਕੇ ਦੀ ਅਗਵਾਈ ਕੀਤੀ ਸੀ। ਉਨ੍ਹਾਂ ਸਵਾਲ ਕੀਤਾ ਕਿ ਯੌਰਕ ਰੀਜਨ ਨੂੰ ਪ੍ਰੋਵਿੰਸ ਦੇ ਕਲਰ ਕੋਡ ਫਰੇਮਵਰਕ ਦਾ ਹਿੱਸਾ ਹੋਣ ਦੇ ਬਾਵਜੂਦ ਟੋਰਾਂਟੋ ਤੇ ਪੀਲ ਤੋਂ ਪਹਿਲਾਂ ਤਜਰਬੇ ਲਈ ਕਿਉਂ ਵਰਤਿਆ ਜਾ ਰਿਹਾ ਹੈ। ਕੁਈਨਜ਼ ਪਾਰਕ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੂਕਾ ਨੇ ਆਖਿਆ ਕਿ ਯੌਰਕ ਵਿੱਚ ਇੱਕ ਹਫਤੇ ਵਿੱਚ 1000 ਪਿੱਛੇ 77.38 ਕੇਸ ਪਾਏ ਜਾ ਰਹੇ ਹਨ ਜਦਕਿ ਟੋਰਾਂਟੋ ਦੇ ਪ੍ਰਤੀ ਵਿਅਕਤੀ ਕੇਸ 72.86 ਪਾਏ ਗਏ ਹਨ। ਇਨ੍ਹਾਂ ਅੰਕੜਿਆਂ ਦੇ ਬਾਵਜੂਦ ਯੌਰਕ ਵਿੱਚ ਰੀਓਪਨਿੰਗ ਪਹਿਲਾਂ ਕਿਉਂ ਕੀਤੀ ਜਾ ਰਹੀ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਕੋਵਿਡ-19 ਵੇਰੀਐਂਟਸ ਕਾਰਨ ਪੀਲ ਰੀਜਨ ਤੇ ਟੋਰਾਂਟੋ ਵਿੱਚ ਵੱਖਰੀ ਚਿੰਤਾ ਖੜ੍ਹੀ ਹੋਈ ਪਈ ਹੈ। ਸਥਾਨਕ ਮੈਡੀਕਲ ਆਫੀਸਰਜ਼ ਆਫ ਹੈਲਥ ਵੱਲੋਂ ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਡੇਵਿਡ ਵਿਲੀਅਮਜ਼ ਨੂੰ ਇੱਕ ਖ਼ਤ ਲਿਖ ਕੇ ਸ਼ੱਟਡਾਊਨ ਹੁਕਮਾਂ ਵਿੱਚ 8 ਮਾਰਚ ਤੱਕ ਦੋ ਹਫਤਿਆਂ ਦਾ ਹੋਰ ਵਾਧਾ ਕਰਨ ਦੀ ਮੰਗ ਕੀਤੀ ਗਈ ਸੀ, ਜਿਸ ਨੂੰ ਮਨਜ਼ੂਰ ਕਰ ਲਿਆ ਗਿਆ ਹੈ।

ਡੈਲ ਡੂਕਾ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਗੱਲ ਸਮਝ ਨਹੀਂ ਆਉਂਦੀ ਕਿ ਡਾ. ਲਾਰੈਂਸ ਲੋਹ ਤੇ ਡਾ. ਐਲੀਨ ਡੀ ਵਿੱਲਾ ਕਿਸੇ ਇੱਕ ਚੀਜ਼ ਨੂੰ ਕਿਸ ਤਰ੍ਹਾਂ ਵੇਖਦੇ ਹਨ ਤੇ ਉਨ੍ਹਾਂ ਦੇ ਯੌਰਕ ਰੀਜਨ ਦੇ ਕੁਲੀਗ ਉਸੇ ਚੀਜ਼ ਨੂੰ ਕਿਸੇ ਹੋਰ ਤਰ੍ਹਾਂ ਕਿਵੇਂ ਵੇਖਦੇ ਹਨ। ਹਾਲਾਤ ਨੂੰ ਧਿਆਨ ਵਿੱਚ ਰੱਖਦਿਆਂ ਟੋਰਾਂਟੋ ਤੇ ਪੀਲ ਦੀ ਤਰਜ਼ ਉੱਤੇ ਯੌਰਕ ਰੀਜਨ ਵਿੱਚ ਵੀ ਲਾਕਡਾਊਨ ਵਿੱਚ ਵਾਧਾ ਕੀਤਾ ਜਾਣਾ ਚਾਹੀਦਾ ਹੈ।

## ਕੋਵਿਡ-19 ਵੈਕਸੀਨ ਦੀ ਬੁਕਿੰਗ ਲਈ ਆਨਲਾਈਨ ਪੋਰਟਲ 15 ਮਾਰਚ ਨੂੰ ਕੀਤਾ ਜਾਵੇਗਾ ਲਾਂਚ



ਟੋਰਾਂਟੋ, 24 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਦਾ ਆਨਲਾਈਨ ਪੋਰਟਲ, ਜਿੱਥੇ ਆਮ ਲੋਕ ਆਪਣੀ ਕੋਵਿਡ-19 ਵੈਕਸੀਨ ਅਪੁਆਇੰਟਮੈਂਟ ਬੁੱਕ ਕਰ ਸਕਣਗੇ, 15 ਮਾਰਚ ਨੂੰ ਲਾਂਚ ਕੀਤਾ ਜਾਵੇਗਾ। ਇਸ ਵਿੱਚ ਸੱਭ ਤੋਂ ਪਹਿਲਾਂ 80 ਸਾਲ ਤੇ ਇਸ ਤੋਂ ਉੱਪਰ ਦੇ ਉਮਰ ਵਰਗ ਦੇ ਲੋਕਾਂ ਨੂੰ ਰਜਿਸਟਰ ਕਰਵਾਉਣ ਦੀ ਇਜਾਜ਼ਤ ਦਿੱਤੀ ਜਾਵੇਗੀ।

ਪ੍ਰੋਵਿੰਸ ਦੀ ਕੋਵਿਡ-19 ਵੈਕਸੀਨ ਟਾਸਕ ਫੋਰਸ ਦੇ ਹੈੱਡ ਰਿਟਾਇਰਡ ਜਨਰਲ ਰਿੱਕ ਹਿਲੀਅਰ ਨੇ ਬੁੱਧਵਾਰ ਨੂੰ ਇਸ ਸਬੰਧ ਵਿੱਚ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਆਮ ਜਨਤਾ ਦਾ ਟੀਕਾਕਰਣ ਸ਼ੁਰੂ ਕਰਨ ਲਈ ਪ੍ਰੋਵਿੰਸ ਆਨਲਾਈਨ ਤੇ ਟੈਲੀਫੋਨ ਬੁਕਿੰਗ ਸਿਸਟਮ ਸ਼ੁਰੂ ਕਰਨ ਲਈ ਦਿਨ ਰਾਤ ਇੱਕ ਕਰਕੇ ਕੰਮ ਕਰ ਰਹੀ ਹੈ। ਹਿਲੀਅਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਸਾਡੀ ਯੋਜਨਾ ਬਿਲਕੁਲ ਸਹੀ ਰਾਹ ਉੱਤੇ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਬੁਕਿੰਗ ਸਿਸਟਮ ਦੇ ਆਖਰੀ ਪੜਾਅ ਉੱਤੇ ਅਸੀਂ ਕੰਮ ਕਰ ਰਹੇ ਹਾਂ ਤੇ ਇਸ ਨੂੰ 15 ਮਾਰਚ ਨੂੰ ਲਾਂਚ ਕਰਾਂਗੇ।

ਉਨ੍ਹਾਂ ਆਖਿਆ ਕਿ 15 ਮਾਰਚ ਤੋਂ ਸ਼ੁਰੂ ਹੋ ਕੇ ਸੱਭ ਤੋਂ ਪਹਿਲਾਂ 80 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕ ਆਨਲਾਈਨ ਬੁਕਿੰਗ ਕਰਵਾ ਸਕਣਗੇ। 15 ਅਪਰੈਲ ਤੋਂ 75 ਸਾਲ ਤੋਂ ਉੱਪਰ ਦੇ ਲੋਕ ਬੁਕਿੰਗ ਕਰਵਾ ਸਕਣਗੇ। ਪਹਿਲੀ ਮਈ ਤੋਂ 70 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਵੀ ਬੁਕਿੰਗ ਕਰਵਾਉਣ ਦੀ ਇਜਾਜ਼ਤ ਹੋਵੇਗੀ। ਪਹਿਲੀ ਜੂਨ ਤੋਂ 65 ਸਾਲ ਤੋਂ ਵੱਧ ਉਮਰ ਦੇ ਅਤੇ ਪਹਿਲੀ ਜੁਲਾਈ ਤੋਂ 60 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਬੁਕਿੰਗ ਖੋਲ੍ਹ ਦਿੱਤੀ ਜਾਵੇਗੀ। ਹਿਲੀਅਰ ਨੇ ਚੇਤਾਵਨੀ ਦਿੰਦਿਆਂ ਆਖਿਆ ਕਿ ਲੋਕਾਂ ਨੂੰ ਆਪਣੇ ਦਿੱਤੇ ਗਏ ਟਾਈਮਫਰੇਮ ਤੋਂ ਬਾਹਰ ਵੈੱਬਸਾਈਟ ਉੱਤੇ ਬੁਕਿੰਗ ਕਰਵਾਉਣ ਦੀ ਕੋਸਿਸ ਨਹੀਂ ਕਰਨੀ ਚਾਹੀਦੀ ਕਿਉਂਕਿ ਅਜਿਹਾ ਕਰਨ ਦੀ ਸੂਰਤ ਵਿੱਚ ਉਹ ਸਿਸਟਮ ਦੀ ਵਰਤੋਂ ਨਹੀਂ ਕਰ ਸਕਣਗੇ।ਉਨ੍ਹਾਂ ਆਖਿਆ ਕਿ ਜੇ ਵੈਕਸੀਨ ਦੀ ਸਪਲਾਈ ਠੀਕ ਰਹੀ ਤਾਂ ਅਸੈਂਸ਼ੀਅਲ ਵਰਕਰਜ਼ ਮਈ ਦੇ ਪਹਿਲੇ ਹਫਤੇ ਦੌਰਾਨ ਆਪਣੀ ਪਹਿਲੀ ਡੋਜ਼ ਲਈ ਅਪੁਆਇੰਟਮੈਂਟ ਬੁੱਕ ਕਰ ਸਕਣਗੇ ਤੇ ਇਹ ਡੋਜ਼ ਹਾਸਲ ਕਰ ਸਕਣਗੇ।

## ਬੱਚੇ ਦੀ ਲਾਸ਼ ਘਰ ਵਿੱਚ ਹੀ ਦਫਨ ਹੋਣ ਦੀ ਜਾਂਚ ਕਰ ਰਹੀ ਹੈ ਹੈਮਿਲਟਨ ਪੁਲਿਸ, 2 ਗ੍ਰਿਫਤਾਰ

ਹੈਮਿਲਟਨ, 24 ਫਰਵਰੀ (ਪੋਸਟ ਬਿਊਰੋ) : ਇੱਕ ਬੱਚੇ ਦੀ ਲਾਸ਼ ਘਰ ਵਿੱਚ ਹੀ ਦੱਬੀ ਹੋਣ ਦੀਆਂ ਮਿਲੀਆਂ ਅਪੁਸ਼ਟ ਖਬਰਾਂ ਤੋਂ ਬਾਅਦ ਹੈਮਿਲਟਨ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਜਾਂਚਕਾਰਾਂ ਦਾ ਕਹਿਣਾ ਹੈ ਕਿ ਕਮਿਊਨਿਟੀ ਦੇ ਇੱਕ ਮੈਂਬਰ ਵੱਲੋਂ ਅੱਧੀ ਰਾਤ ਤੋਂ ਬਾਅਦ ਉਨ੍ਹਾਂ ਨੂੰ ਇਹ ਰਿਪੋਰਟ ਦਿੱਤੀ ਗਈ ਕਿ 104 ਵੈਲਿੰਗਟਨ ਸਟਰੀਟ ਨੌਰਥ ਉੱਤੇ ਸਥਿਤ ਇੱਕ ਘਰ ਵਿੱਚ ਕੁੱਝ ਗੜਬੜ ਹੋ ਰਹੀ ਹੈ। ਇਸ ਤੋਂ ਬਾਅਦ ਜਾਂਚਕਾਰ ਮੌਕੇ ਉੱਤੇ ਪਹੁੰਚੇ। ਇੱਕ 34 ਸਾਲਾ ਪੁਰਸ਼ ਤੇ 24 ਸਾਲਾ ਮਹਿਲਾ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

ਪਰ ਪੁਲਿਸ ਵੱਲੋਂ ਇਸ ਸਮੇਂ ਕਿਸੇ ਤਰ੍ਹਾਂ ਦੇ ਚਾਰਜਿਜ਼ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਪੁਲਿਸ ਨੇ ਬੱਸ ਇਹੋ ਦੱਸਿਆ ਕਿ ਇਨ੍ਹਾਂ ਦੋਵਾਂ ਵਿਅਕਤੀਆਂ ਨੂੰ ਜਾਂਚ ਦੇ ਸਬੰਧ ਵਿੱਚ ਹਿਰਾਸਤ ਵਿੱਚ ਲਿਆ ਗਿਆ ਹੈ। ਇਨ੍ਹਾਂ ਦੋਵਾਂ ਦੀ ਅਦਾਲਤ ਸਾਹਮਣੇ ਪੇਸ਼ੀ ਪੈਂਡਿੰਗ ਹੋਣ ਕਾਰਨ ਦੋਵਾਂ ਦੇ ਨਾਂਵਾਂ ਦਾ ਖੁਲਾਸਾ ਵੀ ਨਹੀਂ ਕੀਤਾ ਗਿਆ।

ਇਹ ਪੁੱਛੇ ਜਾਣ ਉੱਤੇ ਕਿ ਕੋਈ ਬੱਚਾ ਲਾਪਤਾ ਹੈ ਤਾਂ ਆਫੀਸਰ ਇੰਡੀ ਭਰਾਜ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਅਜੇ ਵੀ ਮਾਮਲੇ ਦੀ ਜਾਂਚ ਕਰ ਰਹੇ ਹਨ ਤੇ ਇਸ ਰਿਪੋਰਟ ਦੀ ਸਟੀਕਤਾ ਦਾ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

ALL KINDS OF IMMIGRATION SERVICES
iccrc crcic
Call: 416 278 4449 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH DIRECTOR Member of ICCRC Oath commissioner of Manitoba
Toronto: 149-2960 Drew Road, Mississauga Winnipeg: 678 McphillipsStreet, Winnipeg

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets
Completly Furnished Legal Basement
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗ੍ਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕਾਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਹਾਦਰਾਨੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
Real Estate Law
Wills & Estates
Power of Attorney
Affidavits Notarization & Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

## ਕਦੀ ਸੋਚਿਆ ਵੀ ਨਹੀਂ ਸੀ ਜਿਥੇ ਮੈਂ ਜੰਮੀ ਪਲੀ ਉਹ ਖੇਤਰ ਨਸਲਵਾਦੀ ਹੈ : ਜੀਨੀ ਮੇ



ਸੈਕਰਾਮੈਂਟੋ, 24 ਫਰਵਰੀ (ਹੁਸਨ ਲੜੋਆ ਬੰਗਾ):ਜਿਥੇ ਮੈ ਜੰਮੀ ਪਲੀ , ਉਹ ਖੇਤਰ ਵੀ ਨਸਲਵਾਦੀ ਹੋਵੇਗਾ, ਇਹ ਮੈ ਕਦੀ ਸੋਚਿਆ ਵੀ ਨਹੀਂ ਸੀ। ਇਹ ਕਹਿਣਾ ਹੈ ਪ੍ਰਸਿੱਧ ਟੀ.ਵੀ ਸਖਸ਼ੀਅਤ ਜੀਨੀ ਮੇ ਦਾ। ਬੇ ਏਰੀਆ ਕੈਲੀਫੋਰਨੀਆ ਵਿਚ ਜੰਮੀ ਪਲੀ 42 ਸਾਲਾ ਜੀਨੀ ਮੇ ਦਾ ਮੰਨਣਾ ਹੈ ਕਿ ਕੁਝ ਬੁਰੇ ਲੋਕਾਂ ਕਾਰਨ ਨਸਲਵਾਦੀ ਘਟਨਾਵਾਂ ਵਾਪਰਦੀਆਂ ਹਨ। ਉਹ ਯਾਦ ਕਰਦੀ ਹੈ ਉਹ ਸਮਾਂ ਜਦੋਂ ਉਸ ਦੀ ਚਾਚੀ ਤੇ ਚਾਚਾ ਆਪਣੇ ਪਰਿਵਾਰ ਸਮੇਤ ਵੀਅਤਨਾਮ ਨੂੰ ਛੱਡ ਕੇ ਉਨਾਂ ਕੋਲ ਰਹਿਣ ਲਈ ਆਏ ਸਨ ਤਾਂ ਉਨਾਂ ਦੀ ਕਾਰ ਤੇ ਘਰ ਦੀ ਕੰਧ ਉਪਰ ਨਸਲਵਾਦੀ ਟਿਪਣੀਆਂ ਉਕਰ ਦਿੱਤੀਆਂ ਗਈਆਂ ਸਨ ਪਰੰਤੂ ਸਮੁੱਚੇ ਰੂਪ ਵਿਚ ਸਾਡੇ ਆਂਢ ਗੁਆਂਢ ਵਾਲੇ ਲੋਕ ਅਮਨ ਪਸੰਦ ਸਨ। ਮਾਈ ਦਾ ਕਹਿਣਾ ਹੈ ਕਿ "ਮੈ ਨਸਲੀ ਘਟਨਾਵਾਂ ਤੋਂ ਬੇਹੱਦ ਪ੍ਰਸ਼ਾਨ ਤੇ ਦੁੱਖੀ ਹਾਂ, ਸਾਡੇ ਕਾਲੇ ਭਰਾਵਾਂ ਤੇ ਭੈਣਾਂ ਨਾਲ ਜੋ ਹੋ ਰਿਹਾ ਹੈ, ਉਸ ਨੂੰ ਕਿਸ ਤਰਾਂ ਸਹਿਣ ਕੀਤਾ ਜਾ ਸਕਦਾ ਹੈ। ਬਹੁਤ ਥੋੜੇ ਲੋਕ ਹਨ ਜੋ ਸਾਡੇ ਸਭਿਆਚਾਰ ਨੂੰ ਨਹੀਂ ਸਮਝਦੇ , ਉਹ ਇਹ ਵੀ ਨਹੀਂ ਸਮਝਦੇ ਕਿ ਅਸੀਂ ਇਥੇ ਕਿਉਂ ਹਾਂ।" ਮੇ ਨਸਲੀ ਹਮਲਿਆਂ ਵਿਰੁੱਧ ਨਿਰੰਤਰ ਸੋਸ਼ਲ ਮੀਡੀਆ, ਆਪਣੇ ਟਾਕ ਸ਼ੋਅ ਤੇ ਇੰਟਰਵਿਊ ਵਿਚ ਆਵਾਜ਼ ਉਠਾਉਂਦੀ ਆ ਰਹੀ ਹੈ। ਇਸ ਟੀ ਵੀ ਸਖਸ਼ੀਅਤ ਦੇ ਇਨਸਟਾਗਰਾਮ ਉਪਰ 24 ਲੱਖ ਪ੍ਰਸੰਸਕ ਹਨ ਤੇ ਯੂ ਟਿਊਬ ਚੈਨਲ 'ਤੇ 6,32,000 ਤੇ ਟਵਿਟਰ ਉਪਰ 2,60,000 ਪ੍ਰਸੰਸਕ ਹਨ। ਮਾਈ ਦਾ ਕਹਿਣਾ ਹੈ ਕਿ ਨਸਲਵਾਦ ਇਕ ਅਜਿਹਾ ਵਰਤਾਰਾ ਹੈ ਜੋ ਹਰ ਇਕ ਲਈ ਚਿੰਤਾ ਦਾ ਕਾਰਨ ਹੋਣਾ ਚਾਹੀਦਾ ਹੈ। ਜਿਕਰਯੋਗ ਹੈ ਕਿ ਕਾਂਗਰਸ ਵਿਚ ਏਸ਼ੀਅਨ ਪੈਸੀਫਿਕ ਅਮਰੀਕਨ ਕੈਕਸ ਦੀ ਚੇਅਰਪਰਸਨ ਰਿਪਬਲੀਕਨ ਆਗੂ ਜੂਡੀ ਚੂ ਤੇ ਹੋਰ ਕਈ ਸੰਸਦ ਮੈਂਬਰਾਂ ਨੇ ਇਕ ਵਰਚੂਅਲ ਪ੍ਰੈਸ ਕਾਨਫਰੰਸ ਵਿਚ ਏਸ਼ੀਅਨ ਮੂਲ ਦੇ ਅਮਰੀਕੀ ਨਾਗਰਿਕਾਂ ਉਪਰ ਵਧ ਰਹੇ ਹਮਲਿਆਂ 'ਤੇ ਚਿੰਤਾ ਪ੍ਰਗਟਾਈ ਸੀ। ਚੂ ਨੇ ਇਕ 84 ਸਾਲ ਦੇ ਥਾਈ ਮੂਲ ਦੇ ਅਮਰੀਕੀ ਨਾਗਰਿਕ ਵਿਚਾ ਰਤਨਾਪਕਡੀ ਦੀ ਹੱਤਿਆ ਸਮੇਤ ਓਕਲੈਂਡ ਤੇ ਕੈਲੀਫੋਰਨੀਆ ਵਿਚ ਸੀਨੀਅਰ ਨਾਗਰਿਕਾਂ ਵਿਰੁੱਧ ਵਧੀ ਹਿੰਸਾ ਦਾ ਜਿਕਰ ਕੀਤਾ ਸੀ।

# ਖੇਤੀ ਮੰਤਰੀ ਤੋਮਰ ਨੇ ਕਿਹਾ: ਜੇ ਕਿਸਾਨ ਸਰਕਾਰ ਦੀ ਪੇਸ਼ਕਸ਼ ਉੱਤੇ ਵਿਚਾਰ ਕਰਨ ਤਾਂ ਗੱਲਬਾਤ ਲਈ ਤਿਆਰ ਹਾਂ

ਨਵੀਂ ਦਿੱਲੀ, 24 ਫਰਵਰੀ, (ਪੋਸਟ ਬਿਊਰੋ)- ਭਾਰਤ ਦੇ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਅੱਜ ਫਿਰ ਖੇਤੀ ਮੁੱਦੇ ਬਾਰੇ ਬਿਆਨ ਦਿੱਤਾ ਤੇ ਕਿਹਾ ਕਿ ਜੇ ਕਿਸਾਨ ਖੇਤੀ ਕਾਨੂੰਨਾਂ ਨੂੰ ਡੇਢ ਸਾਲ ਮੁਲਤਵੀ ਰੱਖਣ ਅਤੇ ਸੰਯੁਕਤ ਕਮੇਟੀ ਰਾਹੀਂ ਮਤਭੇਦ ਹੱਲ ਕਰਨ ਦੀ ਪੇਸ਼ਕਸ਼ ਉੱਤੇ ਵਿਚਾਰ ਕਰਨ ਨੂੰ ਤਿਆਰ ਹਨ ਤਾਂ ਸਰਕਾਰ ਗੱਲਬਾਤ ਕਰਨ ਨੂੰ ਤਿਆਰ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਸਰਕਾਰ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਅਤੇ ਭਾਰਤੀ ਖੇਤੀ ਖੇਤਰ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਅੱਜ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਦੀ ਇੱਕ ਧਮਕੀ ਦੇ ਸਬੰਧ ਵਿਚ ਪੁੱਛੇ ਸਵਾਲ ਦਾ ਜਵਾਬ ਦੇ ਰਹੇ ਸਨ। ਰਾਕੇਸ਼ ਟਿਕੈਤ ਨੇ ਕਿਹਾ ਹੈ ਕਿ ਜੇ ਕਾਨੂੰਨਾਂ ਨੂੰ ਵਾਪਸ ਨਾ ਲਿਆ ਤਾਂ 40 ਲੱਖ ਟਰੈਕਟਰਾਂ ਨਾਲ ਪਾਰਲੀਮੈਂਟ ਤੱਕ ਮਾਰਚ ਕੱਢਿਆ ਜਾਵੇਗਾਅਤੇ ਪਾਰਲੀਮੈਂਟ ਤੋਂ ਇੰਡੀਆ



ਗੇਟ ਤੱਕ ਬਣੇ ਪਾਰਕਾਂ ਵਿੱਚ ਟਰੈਕਟਰ ਵਾਹ ਕੇ ਕਣਕ ਬੀਜ ਦਿੱਤੀ ਜਾਵੇਗੀ।

ਅੱਜ ਏਥੇ ਤੋਮਰ ਨੇ ਕਿਹਾ ਕਿ ਭਾਰਤ ਸਰਕਾਰ ਕਿਸਾਨਾਂ ਨਾਲਪੂਰੀ ਹਮਦਰਦੀ ਨਾਲ ਵਿਚਾਰ ਚਰਚਾ ਕਰਦੀ ਰਹੀ ਹੈ, ਅੱਗੋਂ ਵੀ ਉਨ੍ਹਾਂ ਦਾ ਕੋਈ ਵਿਚਾਰ ਆਵੇਗਾ ਤਾਂ ਸਰਕਾਰ ਹਮੇਸ਼ਾ ਕਿਸਾਨਾਂ ਨਾਲ ਚਰਚਾ ਕਰਨ ਲਈ ਤਿਆਰ ਹੈ।

ਵਰਨਣ ਯੋਗ ਹੈ ਕਿ ਸਰਕਾਰ ਅਤੇ ਕਿਸਾਨਾਂ ਦੀਆਂ ਜਥੇਬੰਦੀਆਂ ਵਿਚਾਲੇ 11 ਦੌਰ ਦੀ ਗੱਲਬਾਤ ਹੋਈ ਸੀ ਅਤੇ ਆਖਰੀ ਗੱਲਬਾਤ 22 ਜਨਵਰੀ ਨੂੰ ਹੋਣ ਪਿੱਛੋਂ 26 ਜਨਵਰੀ ਗਣਤੰਤਰ ਦਿਵਸ ਦੇ ਦਿਨ ਕਿਸਾਨਾਂ ਦੀ ਟਰੈਕਟਰ ਪਰੇਡ ਵਿਚ ਹੋਈ ਹਿੰਸਾ ਤੋਂ ਬਾਅਦ ਦੋਵਾਂ ਧਿਰਾਂ ਕਿਸਾਨਾਂ ਅਤੇ ਸਰਕਾਰ ਵਿਚਕਾਰਗੱਲਬਾਤ ਬੰਦ ਹੋ ਗਈ ਸੀ। ਕਿਸਾਨ ਅਜੇ ਤੱਕ ਕੇਂਦਰ ਸਰਕਾਰ ਵਲੋਂ ਪਿਛਲੇ ਸਾਲ ਬਣਾਏ ਤਿੰਨਾਂ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਅਤੇ ਕਿਸਾਨੀ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਦੀ ਗਾਰੰਟੀ ਦੀ ਮੰਗ ਬਾਰੇ ਨਵੰਬਰ 2020 ਦੇ ਅੰਤ ਤੋਂ ਹੀ ਦਿੱਲੀਦੇ ਬਾਰਡਰਾਂ ਉੱਤੇਲਗਾਤਾਰ ਅੰਦੋਲਨ ਕਰਨ ਲਈ ਡਟੇ ਹੋਏ ਹਨ।

## ਕਰੋਨਾਵਾਇਰਸ ਦੇ ਨਵੇਂ ਵੇਰੀਐਂਟ ਲਈ ਬੂਸਟਰ ਸ਼ੌਟ ਤਿਆਰ ਕਰ ਰਹੀ ਹੈ ਮੌਡਰਨਾ

ਓਟਵਾ, 24 ਫਰਵਰੀ (ਪੋਸਟ ਬਿਊਰੋ) : ਮੌਡਰਨਾ ਇਨਕਾਰਪੋਰੇਸ਼ਨ ਨੇ ਬੁੱਧਵਾਰ ਨੂੰ ਆਖਿਆ ਕਿ ਉਹ ਅਮਰੀਕੀ ਵਿਗਿਆਨੀਆਂ ਨਾਲ ਰਲ ਕੇ ਅਜਿਹਾ ਬੂਸਟਰ ਸ਼ੌਟ ਤਿਆਰ ਕਰਨ ਦਾ ਅਧਿਐਨ ਕਰ ਰਹੀ ਹੈ ਜਿਹੜਾ ਕਰੋਨਾਵਾਇਰਸ ਦੇ ਨਵੇਂ ਵੇਰੀਐਂਟ ਨੂੰ ਖਤਮ ਕਰੇਗਾ। ਮੌਡਰਨਾ ਨੇ ਇਹ ਵੀ ਆਖਿਆ ਕਿ ਇਸ ਸਾਲ ਉਨ੍ਹਾਂ ਦਾ ਕੋਵਿਡ-19 ਵੈਕਸੀਨ ਉਤਪਾਦਨ ਦਾ ਟੀਚਾ 100 ਮਿਲੀਅਨ ਡੋਜ਼ਾਂ ਹੈ।

ਅਮਰੀਕਾ ਦੀ ਬਾਇਓਟੈਕ ਕੰਪਨੀ ਨੇ ਬੂਸਟਰ ਸ਼ੌਟ ਲਈ ਕੱਚੀ ਸਮੱਗਰੀ ਤਿਆਰ ਕਰ ਲਈ ਹੈ। ਇਹ ਵੇਰੀਐਂਟ ਪਹਿਲੀ ਵਾਰੀ ਸਾਊਥ ਅਫਰੀਕਾ ਵਿੱਚ ਸਾਹਮਣੇ ਆਇਆ ਤੇ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਮੌਜੂਦਾ ਕੋਵਿਡ-19 ਵੈਕਸੀਨਜ਼ ਇਸ ਵੇਰੀਐਂਟ ਲਈ ਅਸਰਦਾਰ ਨਹੀਂ ਹਨ।ਕੰਪਨੀ ਨੇ ਹੋਰ ਅਧਿਐਨ ਲਈ ਇਸ ਵੈਕਸੀਨ ਨੂੰ ਯੂਨਾਈਟਿਡ ਸਟੇਟਸ ਨੈਸ਼ਨਲ ਇੰਸਟੀਚਿਊਟਜ਼ ਆਫ ਹੈਲਥ ਭੇਜਿਆ ਹੈ।

ਮੌਡਰਨਾ ਵਾਇਰਸ ਦੇ ਕਈ ਨਵੇਂ ਵੇਰੀਐਂਟਸ ਨਾਲ ਸਿੱਝਣ ਲਈ ਕਈ ਹੋਰ ਢੰਗ ਤਰੀਕੇ ਲੱਭ ਰਹੀ ਹੈ। ਇਨ੍ਹਾਂ ਵਿੱਚ ਸਾਊਥ ਅਫਰੀਕਾ ਵਿੱਚ ਪਾਏ ਜਾਣ ਵਾਲੇ ਵੇਰੀਐਂਟ ਨੂੰ ਨਿਸ਼ਾਨਾ ਬਣਾਉਣ ਲਈ ਵਾਧੂ ਬੂਸਟਰ ਸ਼ੌਟ, ਇੱਕ ਸਾਂਝਾ ਬੂਸਟਰ ਸ਼ੌਟ-ਜਿਸ ਵਿੱਚ ਕੋਵਿਡ-19 ਦੀ ਮੌਜੂਦਾ ਵੈਕਸੀਨ ਤੇ ਐਕਸਪੈਰੀਮੈਂਟਲ ਸ਼ੌਟ ਹੋਵੇਗਾ, ਇਸ ਦੀ ਮੌਜੂਦਾ ਦੋ ਡੋਜ਼ਾਂ ਵਾਲੀ ਵੈਕਸੀਨ ਦੇ ਨਾਲ ਐਕਸਟਰਾ ਬੂਸਟਰ ਸ਼ੌਟ ਸ਼ਾਮਲ ਹਨ।

## ਪੁਲਿਸ ਦੀ 31ਵੀਂ ਡਵੀਜ਼ਨ ਤੇ ਟਰੇਨਿੰਗ ਕਾਲਜ ਵਿੱਚ ਕੋਵਿਡ-19 ਆਊਟਬ੍ਰੇਕ

ਟੋਰਾਂਟੋ, 24 ਫਰਵਰੀ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਸਰਵਿਸ ਨੂੰ ਇਸ ਸਮੇਂ ਇੱਕ ਦੋ ਥਾਂਵਾਂ ਉੱਤੇ ਕੋਵਿਡ-19 ਆਊਟਬ੍ਰੇਕਸ ਨਾਲ ਨਜਿੱਠਣਾ ਪੈ ਰਿਹਾ ਹੈ। ਟੋਰਾਂਟੋ ਪੁਲਿਸ ਵੱਲੋਂ ਆਪਣੀ 31ਵੀਂ ਡਵੀਜ਼ਨ ਤੇ ਸਾਊਥ ਇਟੋਬੀਕੋ ਵਿੱਚ ਟੋਰਾਂਟੋ ਪੁਲਿਸ ਟਰੇਨਿੰਗ ਕਾਲਜ ਵਿਖੇ ਹੋਈ ਕੋਵਿਡ-19 ਆਊਟਬ੍ਰੇਕ ਦੀ ਪੁਸ਼ਟੀ ਕੀਤੀ ਗਈ।

ਪੁਲਿਸ ਦੇ ਬੁਲਾਰੇ ਕੌਨੀ ਓਸਬੌਰਨ ਦਾ ਕਹਿਣਾ ਹੈ ਕਿ ਇਸ ਦੌਰਾਨ ਕਿੰਨੇ ਪੁਲਿਸ ਮੁਲਾਜ਼ਮ ਕੋਵਿਡ-19 ਦੀ ਚਪੇਟ ਵਿੱਚ ਆਏ ਇਸ ਬਾਰੇ ਉਨ੍ਹਾਂ ਵੱਲੋਂ ਸਟੀਕ ਅੰਕੜੇ ਜਾਰੀ ਨਹੀਂ ਕੀਤੇ ਜਾ ਸਕਦੇ ਕਿਉਂਕਿ ਇਹ ਉਨ੍ਹਾਂ ਦੇ ਹਿਤ ਵਿੱਚ ਨਹੀਂ ਹੋਵੇਗਾ ਕਿ ਇਹ ਦੱਸਿਆ





ਜਾਵੇ ਕਿ ਉਨ੍ਹਾਂ ਦੇ ਕਿੰਨੇ ਅਧਿਕਾਰੀ ਕੰਮ ਉੱਤੇ ਹਨ ਤੇ ਕਿੰਨੇ ਛੁੱਟੀ ਉੱਤੇ ਹਨ। ਇਸ ਤੋਂ ਇਲਾਵਾ ਦੋ ਵਾਂ ਥਾਂਵਾਂ ਉੱਤੇ ਹਾਲਾਤ ਤੇਜ਼ੀ ਨਾਲ ਬਦਲ ਰਹੇ ਹਨ।

ਓਸਬੌਰਨ ਨੇ ਆਖਿਆ ਕਿ ਅਹਿਮ ਗੱਲ ਇਹ ਹੈ ਕਿ ਉਹ ਕਮਿਊਨਿਟੀ ਨੂੰ ਫਰੰਟਲਾਈਨ ਸੇਵਾਵਾਂ ਮੁਹੱਈਆ ਕਰਵਾਉਣੀਆਂ ਜਾਰੀ ਰੱਖ ਰਹੇ ਹਨ। ਕਾਲਜ ਵਿੱਚ ਸਾਰੀ ਇਨ ਪਰਸਨ ਟਰੇਨਿੰਗ ਮੁਲਤਵੀ ਕਰ ਦਿੱਤੀ ਗਈ ਹੈ ਤੇ ਜਿੱਥੇ ਸੰਭਵ ਹੋ ਸਕੇ ਵਰਚੂਅਲ ਟਰੇਨਿੰਗ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਇਹ ਯਕੀਨੀ ਬਣਾਉਣ ਲਈ ਕਿ ਵੱਧ ਤੋਂ ਵੱਧ ਮੈਂਬਰਜ਼ ਦੇ ਟੈਸਟ ਹੋ ਸਕਣ, ਉਹ ਸੈਲਫ ਆਈਸੋਲੇਟ ਹੋ ਸਕਣ ਜਾਂ ਉਹ ਸੈਲਫ ਮੌਨੀਟਰਿੰਗ ਕਰ ਸਕਣ, ਇਸ ਲਈ ਉਨ੍ਹਾਂ ਦੀ ਵੱਧ ਤੋਂ ਵੱਧ ਕਾਂਟੈਕਟ ਟਰੇਸਿੰਗ ਕੀਤੀ ਜਾ ਰਹੀ ਹੈ।

ਇਸ ਤੋਂ ਇਲਾਵਾ ਦੋਵਾਂ ਲੋਕੇਸ਼ਨਾਂ ਦੀ ਕਈ ਵਾਰੀ ਕਲੀਨਿੰਗ ਕੀਤੀ ਜਾ ਚੁੱਕੀ ਹੈ ਤੇ ਕਈ ਵਾਰੀ ਇਨ੍ਹਾਂ ਨੂੰ ਡਿਸਇਨਫੈਕਟ ਕਰਵਾਇਆ ਜਾ ਚੁੱਕਿਆ ਹੈ।

## ਸੈਕਰਾਮੈਂਟੋ ’ਚ ਮਾਰੇ ਗਏ ਨੌਜਵਾਨ ਦੇ ਦੋਸ਼ੀਆਂ ਦੀ ਭਾਲ ਕਰਨ ਦੀ ਪੁਲੀਸ ਨੇ ਲੋਕਾਂ ਨੂੰ ਕੀਤੀ ਅਪੀਲ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ): ਕੈਲੀਫੋਰਨੀਆ ਦੇ ਸੈਕਰਾਮੈਂਟੋ ਸ਼ਹਿਰ ਦੇ 7/11 ਸਟੋਰ ਤੇ ਪੰਜਾਬੀ ਕੈਸ਼ੀਅਰ ਦੀ ਲੁੱਟ ਖੋਹ ਦੌਰਾਨ ਹੋਈ ਮੌਤ ਬਾਅਦ ਸੈਕਰਾਮੈਂਟੋ ਪੁਲੀਸ ਨੇ ਦੋਸ਼ੀਆਂ ਤੱਕ ਪੁਜਣ ਲਈ ਲੋਕਾਂ ਨੂੰ ਮੱਦਦ ਕਰਨ ਦੀ ਅਪੀਲ ਕੀਤੀ ਹੈ। ਇਸ ਲਈ ਪੁਲੀਸ ਨੇ ਜਾਣਕਾਰੀ ਦੇਣ ਲਈ ਫੋਨ ਨੰਬਰ ਵੀ ਜਾਰੀ ਕਿਤੇ ਹਨ ਜੋ ਸੈਕਰਾਮੈਂਟੋ ਪੁਲਿਸ ਨੂੰ (916) 808-5471 ਜਾਂ ਸੈਕਰਾਮੈਂਟੋ ਵੈਲੀ ਕਰਾਈਮ ਸਟੋਪਰ (916) 443-4357 ਤੇ ਇਤਲਾਹ ਦਿੱਤੀ ਜਾ ਸਕਦੀ ਹੈ। ਇਸ ਘਟਨਾ ਬੀਤੀ ਦਿਨ ਸਾਊਥਲੈਂਡ ਪਾਰਕ ਏਰੀਏ ਵਿੱਚ ਸਵੇਰੇ 7/11 ਸਟੋਰ ਤੇ ਵਾਪਰੀ। ਮਰਨ ਵਾਲਾ ਕੈਸ਼ੀਅਰ 31 ਸਾਲਾ ਗੁਰਪ੍ਰੀਤ ਸਿੰਘ ਪੰਜਾਬ ਦੇ ਖੰਨਾ ਵਿੱਚਲੇ ਪਿੰਡ ਚਕੋਹੀ ਦਾ ਹੈ। ਜਾਣਕਾਰੀ ਮੁਤਾਬਿਕ ਸੋਮਵਾਰ ਸਵੇਰੇ 3: 23 ਵਜੇ, ਸੈਕਰਾਮੈਂਟੋ ਪੁਲਿਸ ਨੂੰ ਜਾਣਕਾਰੀ ਇੱਕ ਗਾਹਕ ਵੱਲੋਂ ਦਿੱਤੀ ਗਈ। ਇਹ ਸਟੋਰ ਸੈਕਰਾਮੈਂਟੋ ਦੇ 43 ਐਵੀਨਿਊ ਦੇ 1100 ਬਲਾਕ ਵਿੱਚ ਪੈਂਦਾ ਹੈ। ਜਦੋਂ ਗਾਹਕ ਸਟੋਰ ਵਿੱਚ ਵੜਿਆ ਤਾਂ ਉਸਨੇ ਕੈਸ਼ੀਅਰ ਗੁਰਪ੍ਰੀਤ ਸਿੰਘ ਨੂੰ ਗੰਭੀਰ ਜਖਮੀ ਹਾਲਤ ਵਿੱਚ ਫ਼ਰਸ਼ ਤੇ ਡਿੱਗੇ ਨੂੰ ਵੇਖਿਆ ਅਤੇ ਤੁਰੰਤ



ਪੁਲਿਸ ਨੂੰ ਇਸ ਮੰਦਭਾਗੀ ਘਟਨਾਂ ਬਾਰੇ ਜਾਣਕਾਰੀ ਦਿੱਤੀ। ਸੈਕਰਾਮੈਂਟੋ ਫਾਇਰ ਡਿਪਾਰਟਮੈਂਟ ਦੇ ਪੈਰਾਮੇਡਿਕਸ ਗੁਰਪ੍ਰੀਤ ਸਿੰਘ ਨੂੰ ਗੰਭੀਰ ਹਾਲਤ ਵਿੱਚ ਸਥਾਨਕ ਹਸਪਤਾਲ ਲੈ ਗਏ ਜਿੱਥੇ ਬਾਅਦ ਵਿਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਘਟਨਾ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ। ਰੋਜ ਦੇ ਗਾਹਕਾਂ ਨੇ ਗੁਰਪ੍ਰੀਤ ਸਿੰਘ ਨੂੰ ਯਾਦ ਕਰਦਿਆਂ ਸਟੋਰ 7/11 ਸਟੋਰ ਦੇ ਦਰਵਾਜ਼ੇ ਅੱਗੇ ਫੁੱਲ ਰੱਖ ਸੇਜਲ ਅੱਖਾਂ ਨਾਲ ਗੁਰਪ੍ਰੀਤ ਨੂੰ ਯਾਦ ਕੀਤਾ। ਗੁਰਪ੍ਰੀਤ ਸਿੰਘ ਦੀ ਯਾਦ ਵਿੱਚ 7/11 ਸਟੋਰ ਮਾਲਕ ਨੇ ਇੱਕ ਦਿਨ ਲਈ ਆਪਣਾ ਸਟੋਰ ਬੰਦ ਰੱਖਿਆ। ਗੁਰਪ੍ਰੀਤ ਸਿੰਘ ਆਪਣੇ ਪਿੱਛੇ ਪੰਜ ਸਾਲਾ ਬੇਟੀ ਤੇ ਪਤਨੀ ਛੱਡ ਗਏ ਨੇ, ਜਿਹੜੇ ਕਿ ਇੰਡੀਆ ਵਿੱਚ ਰਹਿ ਰਹੇ ਹਨ। ਸੂਤਰਾਂ ਮੁਤਾਬਕ ਗੁਰਪ੍ਰੀਤ ਸਿੰਘ ਮਹਿਜ਼ ਦੋ ਸਾਲ ਪਹਿਲਾਂ ਹੀ ਰੋਜ਼ੀ ਰੋਟੀ ਕਮਾਉਣ ਲਈ ਅਮਰੀਕਾ ਆਇਆ ਸੀ। ਸਥਾਨਕ ਪੰਜਾਬੀ ਭਾਈਚਾਰੇ ਵਿੱਚ ਇਸ ਘਟਨਾਂ ਦਾ ਜਿਥੇ ਸਖਤ ਰੋਸ ਹੈ ਉਥੇ ਪੰਜਾਬ ਚ ਉਸਦੇ ਪਰਿਵਾਰ ਲਈ ਮੱਦਦ ਦੀ ਵੀ ਅਪੀਲ ਕੀਤੀ ਗਈ ਹੈ। ਇਹੋ ਜਿਹੀ ਹੀ ਘਟਨਾ ਪਿਛਲੇ ਸਾਲ ਫਲੋਰਨ ਰੋਡ ਸ਼ੈਕਰਾਮੈਂਟੋ ਤੇ ਸ਼ੈਵਰੋਨ ਗੈਸ ਸਟੇਸ਼ਨ ਤੇ ਪੰਜਾਬ ਤੋਂ ਇੱਕ ਨਵੇਂ ਆਏ ਪੰਜਾਬੀ ਨਾਲ ਹੋਈ ਜਿਸਨੂੰ ਕਿਸੇ ਅਣਪਛਾਤੇ ਨੇ ਗੋਲੀ ਮਾਰ ਕੇ ਮਾਰ ਦਿੱਤਾ ਸੀ।

## ਹਰਿਆਣੇ’ਚ ਪੰਜਾਬ ਦੇ ਤਿੰਨ ਨੌਜਵਾਨਾਂ ਵੱਲੋਂ ਜਿਊਲਰੀ-ਸ਼ਾਪ ਲੁੱਟਣ ਦੀ ਕੋਸ਼ਿਸ਼

ਬਹਾਦੁਰਗੜ੍ਹ, 24 ਫਰਵਰੀ (ਪੋਸਟ ਬਿਊਰੋ)- ਕਿਸਾਨ ਅੰਦੋਲਨ ਦੇ ਪਰਦੇ ਹੇਠ ਪੰਜਾਬ ਤੋਂ ਆਏ ਤਿੰਨ ਨੌਜਵਾਨਾਂ ਨੇ ਕੱਲ੍ਹ ਰਾਤ ਅੱਠ ਵਜੇ ਬਹਾਦੁਰਗੜ੍ਹ ਦੇ ਮੇਨ ਬਾਜ਼ਾਰ ਵਿੱਚ ਜਿਊਲਰੀ ਸ਼ਾਪ ਵਿੱਚ ਲੁੱਟ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਦੁਕਾਨ ਮਾਲਕ ਸੁਧੀਰ ਅਗਰਵਾਲ ਦੀ ਮਾਤਾ ਪ੍ਰਮੋਦ ਅਗਰਵਾਲ ਦੀਆਂ ਅੱਖਾਂ ਵਿੱਚ ਮਿਰਚਾਂ ਪਾ ਦਿੱਤੀਆਂ ਅਤੇ ਫਿਰ ਲਾਕਰ ਵੱਲ ਭੱਜੇ। ਜਦੋਂ ਨੌਕਰ ਸੂਰਜ ਨੇ ਬਾਹਰ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਇੱਕ ਨੌਜਵਾਨ ਨੇ ਗੋਲੀ ਚਲਾ ਦਿੱਤੀ। ਗੋਲੀ ਤੋਂ ਬਚ ਗਏ ਸੂਰਜ 'ਤੇ ਪਿਸਤੌਲ ਦੇ ਬੱਟ ਨਾਲ ਸਿਰ 'ਤੇ ਵਾਰ ਕੀਤਾ। ਸੂਰਜ ਕਿਸੇ ਤਰ੍ਹਾਂ ਕਾਊਂਟਰ ਤੋਂ ਛਾਲ ਮਾਰ ਸ਼ੋਅਰੂਮ ਤੋਂ ਬਾਹਰ ਜਾ ਡਿੱਗਾ। ਸੂਰਜ ਦੇ ਰੌਲਾ ਪਾਉਣ 'ਤੇ ਸਾਥੀ ਦੁਕਾਨਦਾਰ ਦੋਸ਼ੀਆਂ ਨਾਲ ਭਿੜ ਗਏ।

ਇਸ ਦੇ ਬਾਅਦ ਇਨ੍ਹਾਂ ਨੌਜਵਾਨਾਂ ਨੇ ਦੁਕਾਨਦਾਰਾਂ 'ਤੇ ਨਿਸ਼ਾਨਾ ਲਾਇਆ, ਪਰ ਗੋਲੀ ਨਹੀਂ ਚੱਲੀ। ਦੁਕਾਨਦਾਰਾਂ ਨੇ ਦੋ ਨੌਜਵਾਨਾਂ ਨੂੰ ਫੜ ਕੇ ਖੂਬ ਕੁੱਟਿਆ, ਪਰ ਤੀਸਰਾ ਨੌਜਵਾਨ ਫਰਾਰ ਹੋ ਗਿਆ। ਇਨ੍ਹਾਂ ਨੌਜਵਾਨਾਂ ਦੀ ਪਛਾਣ ਮੋਗਾ ਜ਼ਿਲ੍ਹੇ ਦੇ ਦਲੂਵਾੜਾ ਦੇ ਰਣਬੀਰ ਅਤੇ ਫਰੀਦਕੋਟ ਦੇ ਜਾਟੂ ਦੇ ਵਾਸੀ ਰੋਸ਼ਨ ਦੇ ਰੂਪ ਵਿੱਚ ਹੋਈ ਹੈ। ਦੋਵਾਂ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ। ਪੁਲਸ ਨੇ ਫੜੇ ਦੋਸ਼ੀਆਂ ਕੋਲੋਂ ਪੰਜਾਬ ਦੇ ਨੰਬਰ ਦੀ ਬਾਈਕ ਤੇ ਇੱਕ ਪਿਸਤੌਲ ਬਰਾਮਦ ਕੀਤੀ ਹੈ। ਸਿਟੀ ਥਾਣਾ ਇੰਚਾਰਜ ਵਿਜੈ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੇ ਗਲੇ ਵਿੱਚ ਕਿਸਾਨਾਂ ਵਾਲੇ ਪਰਨੇ ਅਤੇ ਬਿੱਲੇ ਸਨ। ਉਹ ਕਿਸਾਨਾਂ ਦੇ ਪਰਦੇ ਵਿੱਚ ਲੁੱਟ ਖੋਹ ਦੇ ਲਈ ਆਏ ਸਨ।



## ਅੱਜ ਨਾਮਾ

ਆਈ ਨਜ਼ਦੀਕ ਜਦ ਚੋਣ ਬੰਗਾਲ ਵਾਲੀ,
ਹੋਇਆ ਤਿੱਖਾ ਸਿਆਸਤ ਦਾ ਭੇੜ ਬੇਲੀ।
ਦੱਬਿਆ ਮੁਰਦਾ ਹਰ ਪੁੱਟਿਆ ਜਾਣ ਲੱਗਾ,
ਛੱਡ ਗਏ ਸਾਰੇ ਹੀ ਸਬਰ ਦਾ ਨੇੜ ਬੇਲੀ।
ਕਰਦੇ ਕਦੀ ਤਾਂ ਵਾਧਾ ਹਨ ਭਾਜਪਾਈਏ,
ਕਦੀ ਘੁੰਮਾਈ ਜਾਂਦੀ ਮਮਤਾ ਗੇੜ ਬੇਲੀ।
ਵਿੰਹਦਾ ਕੋਈ ਨਹੀਂ ਅਸਰ ਸਮਾਜ ਉੱਤੇ,
ਹਰ ਕੋਈ ਹੋਰਾਂ ਨੂੰ ਰਿਹਾ ਈ ਛੇੜ ਬੇਲੀ।
ਅਗੇਤੀ ਚੱਲ ਪਈ ਸਿਖਰ ਦੀ ਖਹਿਬਾਜ਼ੀ,
ਹੋਇਆ ਚੋਣਾਂ ਦਾ ਨਹੀਂਉਂ ਐਲਾਨ ਬੇਲੀ।
ਚੋਣ ਚੱਲਣ ਤੋਂ ਬਾਅਦਫਿਰ ਹੋਊਗਾ ਕੀ,
ਸੁੱਕਣੇ ਪਾਈ ਪਈ ਲੋਕਾਂ ਦੀ ਜਾਨ ਬੇਲੀ।

**ਤੀਸ ਮਾਰ ਖਾਂ**

# ਕੋਰੋਨਾ ਦਾ ਪ੍ਰਛਾਵਾਂ ਭਾਰਤ ਉੱਤੇ ਮੁੜ ਕੇ ਛਾਇਆ

### * ਸਿਹਤ ਮੰਤਰਾਲੇ ਵੱਲੋਂ ਪੰਜਾਬ ਸਣੇ 10 ਰਾਜਾਂ ਨੂੰ ਦਿਸ਼ਾ-ਨਿਰਦੇਸ਼ ਜਾਰੀ



ਨਵੀਂ ਦਿੱਲੀ, 24 ਫਰਵਰੀ, (ਪੋਸਟ ਬਿਊਰੋ)- ਭਾਰਤ ਦੇ ਕਈ ਰਾਜਾਂ ਵਿੱਚ ਕੋਰੋਨਾ ਵਾਇਰਸ ਦੇ ਕੇਸ ਵਧ ਰਹੇ ਵੇਖ ਕੇ ਕੇਂਦਰੀ ਸਿਹਤ ਮੰਤਰਾਲੇ ਨੇ ਮਹਾਰਾਸ਼ਟਰ, ਕੇਰਲ, ਛੱਤੀਸਗੜ੍ਹ, ਮੱਧ ਪ੍ਰਦੇਸ਼, ਗੁਜਰਾਤ, ਪੰਜਾਬ, ਕਰਨਾਟਕ, ਤਾਮਿਲ ਨਾਡੂ, ਪੱਛਮੀ ਬੰਗਾਲ ਅਤੇ ਜੰਮੂ-ਕਸ਼ਮੀਰ ਲਈ ਹਾਈ ਲੈਵਲ ਮਲਟੀ ਡਿਸਿਪਲਿਨਰੀ ਟੀਮਾਂ ਭੇਜੀਆਂ ਹਨ।

ਸਰਕਾਰ ਦੇ ਬੁਲਾਰੇ ਮੁਤਾ-ਬਕ ਏਦਾਂ ਦੀ ਹਰ ਉੱਚ ਪੱਧਰੀ ਟੀਮ ਵਿੱਚ ਤਿੰਨ ਮੈਂਬਰ ਤੇ ਕੇਂਦਰੀ ਸਿਹਤ ਮੰਤਰਾਲੇ ਦੇ ਅਧਿਕਾਰੀ ਹੋਣਗੇ। ਟੀਮ ਦੀ ਅਗਵਾਈ ਜਾਇੰਟਸੈਕਟਰੀ ਪੱਧਰ ਦੇ ਅਧਿਕਾਰੀ ਕਰਨਗੇ। ਇਹ ਟੀਮ ਸਿਰਫ ਇਹੋ ਨਹੀਂ ਪਤਾ ਕਰੇਗੀ ਕਿ ਇਨ੍ਹਾਂ ਰਾਜਾਂ ਵਿੱਚ ਕੇਸ ਕਿਉਂ ਵਧ ਰਹੇ ਹਨ, ਸਗੋਂ ਰਾਜਾਂਦੇਸਿਵਲ ਅਤੇ ਸਿਹਤ ਅਧਿਕਾਰੀਆਂ ਨਾਲ ਮਿਲ ਕੇ ਕੇਸ ਵਧਣ ਤੋਂ ਰੋਕਣ ਦਾ ਕੰਮ ਵੀ ਕਰੇਗੀ। ਕੇਂਦਰੀ ਸਿਹਤ ਸੈਕਟਰੀ ਰਾਜੇਸ਼ ਭੂਸ਼ਣ ਨੇ ਇਨ੍ਹਾਂ ਸਭ ਰਾਜਾਂ ਨੂੰ ਕੋਰੋਨਾ ਦੇ ਦੋ ਨਵੇਂ ਵੈਰੀਅੰਟ ਮਿਲਣ ਦੇ ਬਾਅਦ ਇਸ ਦਾ ਪਸਾਰ ਤੋੜਨ ਲਈ ਤੇਜ਼ੀ ਨਾਲ ਕੰਮ ਕਰਨ ਨੂੰ ਕਿਹਾ ਹੈ।

ਵਰਨਣ ਯੋਗ ਹੈ ਕਿ ਕੋਰੋਨਾ ਵਾਇਰਸ ਦੀ ਨਵੀਂ ਲਹਿਰ ਵਧਣ ਦੇ ਸੰਕੇਤਾਂ ਦੇ ਬਾਅਦ ਪੰਜਾਬ, ਮਹਾਰਾਸ਼ਟਰ ਤੇ ਕੁਝ ਹੋਰ ਰਾਜਾਂ ਨੇ ਯਾਤਰਾ ਕਰਨ ਦੀਆਂ ਪਾਬੰਦੀਆਂ ਲਾਉਣ ਸਮੇਤ ਕਈ ਤਰ੍ਹਾਂ ਦੇ ਨਵੇਂ ਕਦਮ ਚੁੱਕੇ ਹਨ।

## ਧਰਮਿੰਦਰ ਨੇ ਇੱਕ ਵਾਰੀ ਫਿਰ ਕਿਸਾਨਾਂ ਲਈ ਹੇਜ ਵਿਖਾਇਆ



ਮੁੰਬਈ, 24 ਫਰਵਰੀ, (ਪੋਸਟ ਬਿਊਰੋ)- ਹਿੰਦੀ ਸਿਨੇਮਾ ਦੇ ਮਸ਼ਹੂਰ ਐਕਟਰ ਧਰਮਿੰਦਰ ਨੇ ਕਿਸਾਨੀ ਅੰਦੋਲਨ ਬਾਰੇ ਅੱਜ ਇੱਕ ਵਾਰ ਫਿਰ ਆਪਣੇ ਮਨ ਦੀ ਗੱਲ ਕਹਿਣ ਦਾ ਪ੍ਰਭਾਵ ਦਿੱਤਾ ਹੈ। ਸੋਸ਼ਲ ਮੀਡੀਆ ਉੱਤੇ ਸਭ ਤੋਂ ਐਕਟਿਵ ਕਲਾਕਾਰਾਂ ਵਿੱਚੋਂ ਗਿਣੇ ਜਾਂਦੇ ਧਰਮਿੰਦਰ ਨੇ ਅੱਜ ਕਿਸਾਨ ਅੰਦੋਲਨ ਨੂੰ ਆਪਣਾ ਹੁੰਗਾਰਾ ਦੇਂਦਿਆਂ ਕਿਹਾ ਕਿ ਉਨ੍ਹਾਂ ਨੇ ਕਿਸਾਨਾਂ ਦੇ ਮੁੱਦੇ ਉੱਤੇ ਕੇਂਦਰ ਸਰਕਾਰ ਨਾਲ ਗੱਲ ਕੀਤੀ ਸੀ, ਪਰ ਕੋਈ ਸਿੱਟਾ ਨਹੀਂ ਨਿਕਲਿਆ। ਅਸਲ ਵਿੱਚ ਧਰਮਿੰਦਰ ਨੂੰ ਪਿੱਛੇ ਜਿਹੇ ਉਸ ਦੇ ਇੱਕ ਫ਼ੈਨ ਨੇ ਇੱਕ ਵਿਸ਼ੇਸ਼ ਵੀਡੀਓ ਭੇਜਿਆ ਸੀ, ਜਿਸ ਵਿੱਚ ਧਰਮਿੰਦਰ ਦੇ ਹਿੰਦੀ ਸਿਨੇਮਾ ਵਿੱਚ ਵੱਖਰੇ ਕਿਰਦਾਰ ਤੇ ਰੰਗ ਦਿਖਾਈ ਦੇ ਰਹੇ ਹਨ। ਇਸ ਵੀਡੀਓ ਨੂੰ ਉਨ੍ਹਾਂ ਨੇ ਆਪਣੇ ਟਵਿੱਟਰ ਅਕਾਊਂਟ ਉੱਤੇ ਸ਼ੇਅਰ ਕੀਤਾ ਅਤੇ ਆਪਣੇ ਫੈਨਸ ਦੇ ਲਈ ਇਕ ਵਿਸ਼ੇਸ਼ ਸੰਦੇਸ਼ ਲਿਖਦੇ ਹੋਏ ਉਕਤ ਗੱਲ ਕਹੀ ਹੈ। ਆਪਣੇ ਨਾਲ ਹੋਏ ਵਿਹਾਰ ਬਾਰੇ ਧਰਮਿੰਦਰ ਨੇ ਆਪਣੇ ਟਵੀਟ ਵਿੱਚ ਲਿਖਿਆ ਕਿ 'ਮੈਂ ਇਸ ਦਾ ਹੱਕਦਾਰ ਨਹੀਂ ਹਾਂ, ਤੁਹਾਡੇ ਸਭ ਦੀ ਮਾਸੂਮੀਅਤ ਹੈ। ਮੈਂ ਹੱਸਦਾ ਹਾਂ, ਪਰ ਮੈਂ ਉਦਾਸ ਰਹਿੰਦਾ ਹਾਂ। ਇਸ ਉਮਰ ਵਿੱਚ ਕਰਕੇ ਬੇਦਖਲ, ਮੈਨੂੰ ਮੇਰੀ ਧਰਤੀ ਤੋਂ, ਦੇ ਦਿੱਤਾ ਸਦਮਾ ਮੈਨੂੰ ਮੇਰੇ ਆਪਣਿਆਂ ਨੇ।' ਧਰਮਿੰਦਰ ਦਾ ਅੱਜ ਵਾਲਾ ਇਸ ਤਰ੍ਹਾਂ ਦਾ ਟਵੀਟ ਵੀ ਸੋਸ਼ਲ ਮੀਡੀਆ ਉੱਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ।

## ਚੋਣ ਨਤੀਜਿਆਂ ਦੇ ਮੁੱਦੇ 'ਤੇ ਅਧਿਕਾਰੀਆਂ ਨੂੰ ਧਮਕੀਆਂ ਦੇਣ ਦੇ ਮਾਮਲੇ ਵਿਚ ਦੋ ਵਿਰੁੱਧ ਫੌਜਦਾਰੀ ਦੋਸ਼ ਆਇਦ

ਸੈਕਰਾਮੈਂਟੋ, 24 ਫਰਵਰੀ (ਹੁਸਨ ਲੜੋਆ ਬੰਗਾ) ਨਵੰਬਰ 2020 ਦੀਆਂ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਦੇ ਮੁੱਦੇ 'ਤੇ ਇਕ ਅਮਰੀਕੀ ਸੈਨੇਟਰ ਤੇ ਕਾਂਗਰਸ ਵੂਮੈਨ ਸਮੇਤ ਮਿਸ਼ੀਗਨ ਦੇ ਸਰਕਾਰੀ ਅਧਿਕਾਰੀਆਂ ਨੂੰ ਧਮਕੀਆਂ ਦੇਣ ਦੇ ਮਾਮਲੇ ਵਿਚ ਦੋ ਵਿਅਕਤੀਆਂ ਵਿਰੁੱਧ ਫੌਜਦਾਰੀ ਦੋਸ਼ ਆਇਦ ਕੀਤੇ ਗਏ ਹਨ। ਇਨਾਂ ਵਿਚ ਮਿਸ਼ੀਗਨ ਵਾਸੀ ਡੈਨੀਅਲ ਥਾਮਸਨ ਤੇ ਜਾਰਜੀਆ ਵਾਸੀ ਕਲਿੰਟਨ ਸਟੀਵਰਟ ਸ਼ਾਮਿਲ ਹਨ। ਮਿਸ਼ੀਗਨ ਦੇ ਅਟਾਰਨੀ ਜਨਰਲ ਡਾਨਾ ਨੇਸਲ ਨੇ ਕਿਹਾ ਹੈ ਕਿ ਇਸ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ। ਸਰਕਾਰੀ ਅਧਿਕਾਰੀਆਂ ਨੂੰ ਡਰਾਉਣਾ ਧਮਕਾਉਣਾ ਗੈਰ ਕਾਨੂੰਨੀ ਹੈ। ਅਜਿਹੇ ਲੋਕਾਂ ਵਿਰੁੱਧ ਕਾਨੂੰਨ ਅਨੁਸਾਰ ਪੂਰੀ ਤਾਕਤ ਨਾਲ ਕਾਰਵਾਈ ਕੀਤੀ ਜਾਵੇਗੀ।

## ਪੰਚਾਇਤ ਦੇ ਕਹਿਣ ਉੱਤੇ ਪਤੀ ਨੇ ਉਬਲਦੇ ਤੇਲ ਵਿੱਚ ਹੱਥ ਪਵਾਇਆ

ਨਵੀਂ ਦਿੱਲੀ, 24 ਫਰਵਰੀ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਉਸਮਾਨਾਬਾਦ ਜ਼ਿਲ੍ਹੇ ਵਿੱਚ ਇੱਕ ਅਣਮਨੁੱਖੀ ਘਟਨਾ ਵਾਪਰੀ ਹੈ। ਇਥੇ ਪਾਰਧੀ ਫਿਰਕੇ ਦੀ ਇੱਕ ਔਰਤ ਨੂੰ ਪਤੀ ਦਾ ਸ਼ੱਕ ਦੂਰ ਕਰਨ ਲਈ ਉਬਲਦੇ ਤੇਲ ਵਿੱਚ ਹੱਥ ਪਾਉਣਾ ਪਿਆ। ਅਣਮਨੁੱਖਤਾ ਦੀ ਹੱਦ ਇਹ ਸੀ ਕਿ ਪਤੀ ਨੇ ਇਸ ਦਾ ਵੀਡੀਓ ਵੀ ਬਣਾਇਆ।

ਇੰਟਰਨੈਟ ਮੀਡੀਆ 'ਤੇ ਵੀਡੀਓ ਵਾਇਰਲ ਹੋਣ ਦੇ ਬਾਅਦ ਇਸ ਮਾਮਲੇ ਵਿੱਚ ਸਖਤ ਕਾਰਵਾਈ ਦੀ ਮੰਗ ਕੀਤੀ ਗਈ ਹੈ। ਮਿਲੀਆਂ ਖਬਰਾਂ ਮੁਤਾਬਕ ਔਰਤ ਨੂੰ ਉਸੇ ਦੇ ਪਿੰਡ ਦਾ ਇੱਕ ਵਿਅਕਤੀ ਅਤੇ ਇੱਕ ਪੁਲਸ ਮੁਲਾਜ਼ਮ ਆਪਣੇ ਨਾਲ ਲੈ ਗਏ ਸਨ। ਉਨ੍ਹਾਂ ਧਮਕੀ ਦਿੱਤੀ ਸੀ ਕਿ ਅਜਿਹਾ ਨਾ ਕਰਨ 'ਤੇ ਉਸ ਦੇ ਪਤੀ ਨੂੰ ਜੇਲ੍ਹ ਭੇਜ ਦੇਣਗੇ। ਪਤੀ ਨੂੰ ਜੇਲ੍ਹ ਵਿੱਚੋਂ ਬਚਾਉਣ ਦੇ ਲਈ ਔਰਤ ਉਨ੍ਹਾਂ ਨਾਲ ਚਲੀ ਗਈ, ਪਰ ਜਦ ਉਹ ਵਾਪਸ ਆਈ ਤਾਂ ਪੰਚਾਇਤ ਦੀ ਸਲਾਹ 'ਤੇ ਪਤੀ ਨੇ ਉਸ ਦੀ ਪ੍ਰੀਖਿਆ ਲੈਣ ਦਾ ਫੈਸਲਾ ਕੀਤਾ। ਪਤੀ ਨੂੰ ਸ਼ੱਕ ਸੀ ਕਿ ਔਰਤ ਝੂਠ ਬੋਲਦੀ ਹੈ ਤੇ ਉਸ ਦੀ ਸੱਚਾਈ ਜਾਨਣ ਲਈ ਉਸ ਨੇ ਉਬਲਦੇ ਤੇਲ ਵਿੱਚ ਹੱਥ ਪਵਾ ਕੇ ਉਸ ਦੀ ਪ੍ਰੀਖਿਆ ਲਈ। ਉਸ ਨੇ ਉਬਲਦੇ ਤੇਲ ਵਿੱਚ ਸਿੱਕਾ ਪਾਇਆ ਅਤੇ ਪਤਨੀ ਨੂੰ ਕੱਢਣ ਲਈ ਕਿਹਾ।ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਔਰਤ ਕਿਸ ਤਰ੍ਹਾਂ ਡਰੀ ਹੋਈ ਹੈ। ਇਸ ਫਿਰਕੇ ਦੇ ਲੋਕਾਂ ਦੀ ਮਾਨਤਾ ਹੈ ਕਿ ਜੇ ਔਰਤ ਸੱਚ ਬੋਲਦੀ ਹੈ ਤਾਂ ਉਸ ਦਾ ਹੱਥ ਨਹੀਂ ਸੜੇਗਾ। ਹੱਥ ਸੜਨ ਦਾ ਮਤਲਬ ਹੈ ਕਿ ਉਹ ਗਲਤ ਹੈ। ਵੀਡੀਓ ਸਾਹਮਣੇ ਆਉਣ ਦੇ ਬਾਅਦ ਪੰਚਾਇਤ ਅਤੇ ਔਰਤ ਦੇ ਪਤੀ ਦੇ ਖਿਲਾਫ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਹੈ।

## ਸੰਸਾਰ ਦੇ ਸਭ ਤੋਂ ਵੱਡੇ ਕ੍ਰਿਕਟ ਸਟੇਡੀਅਮ ਦਾ ਅਹਿਮਦਾਬਾਦ ਵਿੱਚ ਉਦਘਾਟਨ

### * ਸਟੇਡੀਅਮ ਦਾ ਨਾਂਅ ਨਰਿੰਦਰ ਮੋਦੀ ਦੇ ਨਾਂਅ ਉੱਤੇ ਰੱਖਿਆ ਗਿਆ



ਅਹਿਮਦਾਬਾਦ, 24 ਫਰਵਰੀ, (ਪੋਸਟ ਬਿਊਰੋ)- ਇਸ ਸ਼ਹਿਰ ਵਿੱਚ ਅੱਜ ਸੰਸਾਰ ਦੇ ਸਭ ਤੋਂ ਵੱਡੇ ਕ੍ਰਿਕਟ ਸਟੇਡੀਅਮ ਦਾ ਉਦਘਾਟਨ ਭਾਰਤ ਦੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਕਰ ਦਿੱਤਾ ਹੈ। ਇਸ ਮੌਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਲਾਨ ਕੀਤਾ ਕਿ ਇਸ ਸਟੇਡੀਅਮ ਦਾ ਨਾਂ ਨਰਿੰਦਰ ਮੋਦੀ ਸਟੇਡੀਅਮ ਹੋਵੇਗਾ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਉਦਘਾਟਨ ਮੌਕੇ ਕੀਤੇ ਭਾਸ਼ਣ ਵਿੱਚਆਖਿਆ ਕਿ ਮੋਟੇਰਾਵਿੱਚ ਸਰਦਾਰ ਵੱਲਭ ਭਾਈ ਪਟੇਲ ਸਪੋਰਟਸ ਐਨਕਲੇਵ ਅਤੇ ਨਰਿੰਦਰ ਮੋਦੀ ਸਟੇਡੀਅਮ ਨਾਲ ਨਾਰਨਪੁਰਾਵਿੱਚਸਪੋਰਟਸਕੰਪਲੈਕਸ ਵੀ ਬਣਾਇਆ ਜਾਵੇਗਾ, ਜਿਸ ਵਿੱਚ ਹਰ ਤਰ੍ਹਾਂ ਦੇ ਅੰਤਰਰਾਸ਼ਟਰੇ ਮੁਕਾਬਲੇ ਹੋ ਸਕਣਗੇ, ਜਿਨ੍ਹਾਂ ਵਿੱਚ ਉਲੰਪਿਕ ਤੱਕ ਕਰਵਾਉਣ ਦੀ ਸੰਭਾਵਨਾ ਵੀ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਅਹਿਮਦਾਬਾਦ ਨੂੰ ਭਾਰਤ ਦੇ 'ਸਪੋਰਟਸ ਸਿਟੀ' ਵਜੋਂ ਜਾਣਿਆ ਜਾਵੇਗਾ। ਇਸ ਸਟੇਡੀਅਮ ਦਾ ਨਾਮ ਬਦਲ ਕੇ ਨਰਿੰਦਰ ਮੋਦੀ ਦੇ ਨਾਂਅ ਉੱਤੇ ਰੱਖਣ ਦੇ ਸਵਾਲ ਉੱਤੇ ਅਮਿਤ ਸ਼ਾਹ ਨੇ ਕਿਹਾ ਕਿ 'ਇਹ ਫ਼ੈਸਲਾ ਸਾਡਾ ਸੀ, ਕਿਉਂਕਿ ਇਹ ਨਰਿੰਦਰ ਮੋਦੀ ਦਾ ਡਰੀਮ ਪ੍ਰਾਜੈਕਟ ਸੀ। ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਮੋਦੀ ਨੇ ਇਸ ਸਟੇਡੀਅਮ ਦਾ ਸੁਫ਼ਨਾ ਲਿਆ ਸੀ, ਉਦੋਂ ਉਹ ਗੁਜਰਾਤ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਵੀ ਸਨ। ਅੱਜ ਉਨ੍ਹਾ ਦਾ ਸੁਫ਼ਨਾ ਸੱਚ ਹੋ ਰਿਹਾ ਹੈ। ਇਸ ਲਈ ਅਸੀਂ ਫ਼ੈਸਲਾ ਲਿਆ ਕਿ ਇਹ ਸਟੇਡੀਅਮ ਜਿਸ ਦਾ ਸੁਫ਼ਨਾ ਹੈ, ਉਸ ਦੇ ਨਾਮ ਉੱਤੇ ਹੀ ਇਸ ਦਾ ਨਾਮ ਵੀ ਹੋਵੇਗਾ।' ਸ਼ਾਹ ਨੇ ਕਿਹਾ, "ਏਦਾਂ ਦੀਆਂ ਖੇਡ ਸਹੂਲਤਾਂ ਇੱਕੋ ਸ਼ਹਿਰ ਵਿਚ ਕਿਤੇ ਨਹੀਂ ਹਨ। ਅਹਿਮਦਾਬਾਦ ਨੂੰ ਮੋਦੀ ਜੀ ਨੇ ਦੇਸ਼ ਦੀ 'ਹੈਰੀਟੇਜ ਸਿਟੀ' ਬਣਾਇਆ ਅਤੇ ਅੱਗੋਂ ਇਹ ਖੇਡ ਸਿਟੀ ਬਣਨ ਨੂੰ ਤਿਆਰ ਹੈ। ਅਹਿਮਦਾਬਾਦ ਭਾਰਤ ਦੇ ਖੇਡ ਸਿਟੀ ਵਜੋਂ ਜਾਣਿਆ ਜਾਵੇਗਾ।"

# ਕੈਪਟਨ ਵੱਲੋਂ ਪੰਜਾਬ ਦੇ ਨੌਜਵਾਨਾਂ ਲਈ 3000 ਮਿਨੀ ਬੱਸ ਪਰਮਿਟ ਵੰਡਣ ਦੀ ਸ਼ੁਰੂਆਤ

### * ਆਰਥਿਕ ਪੱਖੋਂ ਕਮਜ਼ੋਰ ਲੋਕਾਂ ਲਈ 25000 ਤੋਂ ਵੱਧ ਘਰ ਬਣਾਏ ਜਾਣਗੇ



ਚੰਡੀਗੜ੍ਹ, 24 ਫਰਵਰੀ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਮਾਂ-ਹੱਦ ਤੋਂ ਬਿਨਾਂ ਮਿਨੀ ਬੱਸ ਪਰਮਿਟ ਦੇਣ ਦੀ ਨੀਤੀਦਾ ਐਲਾਨ ਕੀਤਾ ਹੈ। ਇਸ ਨੀਤੀ ਦੇ ਅਧੀਨ ਪੇਂਡੂ ਨੌਜਵਾਨਾਂ ਲਈ ਪਰਮਿਟਲੈਣ ਲਈ ਅਪਲਾਈ ਕਰਨ ਦੀ ਕੋਈ ਸਮਾਂ-ਹੱਦ ਨਹੀਂ ਹੋਵੇਗੀ ਅਤੇ ਉਹ ਕਦੇ ਵੀ ਅਪਲਾਈ ਕਰ ਸਕਣਗੇ।

ਮੁੱਖ ਮੰਤਰੀ ਨੇ ਅੱਜ ਏਥੇ 'ਘਰ ਘਰ ਰੁਜ਼ਗਾਰ' ਤੇ ਸੰਕੇਤਕ ਤੌਰ ਉੱਤੇ ਪੰਜ ਲਾਭ-ਪਾਤਰੀਆਂ ਨੂੰ ਪਰਮਿਟ ਦੇਣ ਮੌਕੇ ਕਿਹਾ ਕਿ ਅੱਜ 3000 ਪਰਮਿਟ ਦਿੱਤੇ ਜਾ ਰਹੇ ਹਨ, ਇਸ ਸਾਲ ਦੇ ਅੰਤ ਤੱਕ 11000 ਪਰਮਿਟ ਦਿੱਤੇ ਜਾਣਗੇ। ਉਨ੍ਹਾਂ ਨੇ ਟਰਾਂਸਪੋਰਟ ਵਿਭਾਗ ਨੂੰ ਸਾਰੇ ਬੱਸ ਪਰਮਿਟਾਂ ਲਈ ਅਪਲਾਈ ਕਰਨ ਤੇ ਅਗਲੀ ਪ੍ਰਕਿਰਿਆਲਈ ਤਿੰਨ ਮਹੀਨੇ ਵਿਚ ਆਸਾਨ ਆਨਲਾਈਨ ਸਹੂਲਤਾਂਹਾਸਲ ਕਰਾਉਣ ਦੀ ਹਦਾਇਤ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਟਰਾਂਸਪੋਰਟ ਵਿਭਾਗ ਵੱਲੋਂ ਅਪਣਾਈ ਗਈ ਪਾਰਦਰਸ਼ੀ ਪ੍ਰਣਾਲੀ ਹੇਠ ਪਹਿਲੀ ਵਾਰ ਅਖ਼ਬਾਰਾਂ ਵਿਚ ਮਿਨੀ ਬੱਸ ਪਰਮਿਟਾਂ ਦਾ ਜਨਤਕ ਨੋਟਿਸ ਜਾਰੀ ਕੀਤਾ ਅਤੇ ਲੋਕਾਂ ਨੂੰ ਬਿਨਾਂ ਕਿਸੇ ਦਿੱਕਤ ਤੋਂ ਆਨਲਾਈਨ ਅਪਲਾਈ ਕਰਨ ਲਈ ਉਤਸ਼ਾਹਤ ਕੀਤਾ ਗਿਆ ਹੈ, ਜਿਸ ਦੇ ਬਾਅਦ ਤਕਰੀਬਨ 12384 ਅਰਜ਼ੀਆਂ ਮਿਲੀਆਂ ਹਨ।

ਇਸ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈਵਿੱਚ ਪੰਜਾਬ ਕੈਬਨਿਟ ਨੇਆਰਥਿਕ ਪੱਖੋਂ ਕਮਜ਼ੋਰ ਵਰਗਾਂ (ਈ ਡਬਲਿਊ ਐੱਸ) ਲਈ ਨਵੀਂ ਨੀਤੀ ਪ੍ਰਵਾਨ ਕਰ ਲਈ ਹੈ। ਇਸ ਨਾਲ ਏਦਾਂ ਦੇ ਵਰਗਾਂ ਲਈ 25 ਹਜ਼ਾਰ ਤੋਂ ਵਧੇਰੇ ਮਕਾਨਾਂ ਦੀ ਉਸਾਰੀ ਕੀਤੀ ਜਾਵੇਗੀ। ਇਸ ਨੀਤੀ ਹੇਠਮਕਾਨ ਬਣਾਉਣ ਵਾਲਿਆਂਤੇ ਰਾਜ ਸਰਕਾਰ ਦੇ ਅਧਿਕਾਰੀਆਂ ਵੱਲੋਂਈ ਡਬਲਿਊ ਐੱਸਹਾਊਸਿੰਗ ਲਈ ਪ੍ਰੋਜੈਕਟ ਖੇਤਰ ਵਿੱਚ 5 ਫ਼ੀਸਦੀਕੰਮ ਕੀਤਾ ਲੋੜੀਂਦਾ ਹੋਵੇਗਾ। ਇਨ੍ਹਾਂ ਘਰਾਂ ਦੀ ਉਸਾਰੀ ਢੁਕਵੇਂ ਥਾਂ ਹੋਵੇਗੀ, ਜਿਸ ਵਿੱਚ ਸਮਾਜਿਕ ਬੁਨਿਆਦੀ ਢਾਂਚਾ ਜਿਵੇਂ ਸਕੂਲ, ਕਮਿਊਨਿਟੀ ਸੈਂਟਰ ਤੇ ਡਿਸਪੈਂਸਰੀਆਂ ਢੁਕਵੀਆਂ ਥਾਂਬਣਾਈਆਂ ਜਾਣਗੀਆਂ ਤਾਂ ਜੋ ਇਨ੍ਹਾਂ ਲੋਕਾਂ ਦਾ ਸੁਖਾਲਾ ਜੀਵਨ ਯਕੀਨੀ ਬਣਾਇਆ ਜਾ ਸਕੇ ਤੇ ਬੁਨਿਆਦੀ ਸਹੂਲਤਾਂ ਤੱਕ ਪਹੁੰਚ ਹਾਸਲ ਕਰਾਈ ਜਾਵੇ। ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਵੀਡੀਓ ਕਾਨਫਰੈਂਸਿੰਗ ਰਾਹੀਂ ਕੈਬਨਿਟ ਮੀਟਿੰਗ ਦੇ ਫੈਸਲੇ ਮੁਤਾਬਕ ਨਵੀਂ ਨੀਤੀ ਹੇਠ ਘਰਾਂ ਦੀ ਉਸਾਰੀ ਬਰਿੱਕਲੈੱਸ ਤਕਨੀਕ ਨਾਲ ਹੋਵੇਗੀ, ਜਿਸ ਖਾਤਰ ਯੋਗ ਪ੍ਰੋਜੈਕਟ ਪ੍ਰਬੰਧ ਏਜੰਸੀਆਂ ਤੋਂ ਸੇਵਾਵਾਂ ਲਈਆਂ ਜਾਣਗੀਆਂ। ਇਨ੍ਹਾਂ ਘਰਾਂ ਲਈ ਯੋਗ ਪਰਿਵਾਰਾਂ ਨੂੰ ਮੁਨਾਸਬ ਰੇਟਾਂ ਉੱਤੇਮਾਸਿਕ ਕਿਸ਼ਤਾਂ ਉੱਤੇ ਬੈਂਕਾਂ ਤੋਂਪੈਸਾ ਦਿਵਾਇਆ ਜਾਵੇਗਾ, ਪਰ ਘਰ ਲੈਣ ਦੇ ਯੋਗ ਲਾਭਪਾਤਰੀਆਂ ਨੂੰ ਪੰਜਾਬ ਵਿੱਚ ਜਨਮ ਦਾ ਸਬੂਤ ਜਾਂ ਅਰਜ਼ੀ ਦੇਣ ਤੋਂ 10 ਸਾਲ ਪਹਿਲਾਂ ਇਸ ਰਾਜਵਿੱਚ ਰਿਹਾਇਸ਼ ਦਾ ਸਬੂਤ ਦੇਣਾ ਹੋਵੇਗਾ, ਜਿਵੇਂ ਆਧਾਰ ਕਾਰਡ, ਰਾਸ਼ਨ ਕਾਰਡ ਦੀ ਕਾਪੀ, ਵੋਟਰ ਸੂਚੀ, ਡਰਾਈਵਿੰਗ ਲਾਇਸੈਂਸ ਦੀ ਕਾਪੀ ਆਦਿ ਅਤੇ ਭਾਰਤ ਸਰਕਾਰ ਜਾਂ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਸਾਰੇ ਸਰੋਤਾਂ ਤੋਂ ਪਰਿਵਾਰਕ ਆਮਦਨ ਤਿੰਨ ਲੱਖ ਰੁਪਏ ਸਾਲਾਨਾ ਤੋਂ ਵੱਧ ਨਹੀਂ ਹੋਣੀ ਚਾਹੀਦੀ। ਅਪਲਾਈ ਕਰਨ ਵਾਲਾ ਵਿਆਹੁਤਾ ਹੋਣਾ ਚਾਹੀਦਾ ਹੈ ਤੇ ਅਰਜ਼ੀ ਪਤੀ-ਪਤਨੀ ਵੱਲੋਂ ਸਾਂਝੀ ਹੋਣੀ ਚਾਹੀਦੀ ਹੈ। ਨਵੀਂ ਨੀਤੀ ਹੇਠ ਇਸਮਕਾਨ ਨੂੰ 15 ਸਾਲ ਤੱਕ ਵੇਚਣ, ਗਿਫਟ ਕਰਨ, ਗਹਿਣੇ ਰੱਖਣ, ਤਬਾਦਲਾ ਜਾਂ ਲੰਮੀ ਲੀਜ਼ ਉੱਤੇ ਦੇਣ ਦੀ ਮਨਾਹੀ ਹੋਵੇਗੀ।

# ਖੱਡ ਵਿੱਚੋਂ ਲੜਕੇ-ਲੜਕੀ ਦੀਆਂ ਗਲੀਆਂ-ਸੜੀਆਂ ਲਾਸ਼ਾਂ ਮਿਲੀਆਂ

ਅੰਬ, 24 ਫਰਵਰੀ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਦੇ ਅੰਬ ਇਲਾਕੇ ਵਿੱਚ ਇੱਕ ਪਹਾੜੀ ਦੇ ਥੱਲੇ ਡੂੰਘੀ ਖੱਡ ਵਿੱਚੋਂ ਇੱਕ ਲੜਕੇ ਤੇ ਲੜਕੀ ਦੀਆਂ ਗਲੀਆਂ-ਸੜੀਆਂ ਲਾਸ਼ਾਂ ਮਿਲੀਆਂ ਹਨ। ਸੂਚਨਾ ਮਿਲਣ ਉੱਤੇ ਡੀ ਐਸ ਪੀ ਅੰਬ ਸ਼੍ਰਿਸ਼ਟੀ ਪਾਂਡੇ ਦੀ ਅਗਵਾਈ ਵਿੱਚ ਪੁਲਸ ਟੀਮ ਨੇ ਘਟਨਾਸਥਾਨ ਉੱਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਦੇ ਅਨੁਸਾਰ ਕੱਲ੍ਹ ਸਵੇਰੇ ਅੰਬ-ਸਲੋਈ ਲਿੰਕ ਰੋਡ ਉੱਤੇ ਕਾਲਜ ਦੇ ਪਿੱਛੇ ਵਾਰਡ ਨੰਬਰ-1 ਵਿੱਚ ਅੰਬ ਖੇਤਰ ਦਾ ਇੱਕ ਵਿਅਕਤੀ ਪਹਾੜੀ ਥੱਲੇ ਜੰਗਲ ਵਿੱਚ ਸੁੱਕੀਆਂ ਲਕੜੀਆਂ ਇਕੱਠੀਆਂ ਕਰ ਰਿਹਾ ਸੀ ਤਾਂ ਉਸ ਦੀ ਨਜ਼ਰ ਖੱਡ ਵਿੱਚ ਪਈਆਂ ਗਲੀਆਂ-ਸੜੀਆਂ ਲਾਸ਼ਾਂ ਉੱਤੇ ਪਈ, ਜਿਸਦੀ ਸੂਚਨਾ ਉਸ ਨੇ ਪੰਚਾਇਤ ਅਤੇ ਸਥਾਨਕ ਲੋਕਾਂ ਨੂੰ ਦਿੱਤੀ। ਮ੍ਰਿਤਕ ਲੜਕੇ ਤੇ ਲੜਕੀ ਦੀ ਪਛਾਣ ਹੋ ਗਈ ਹੈ। ਦੋਵੇਂ ਸਬ ਡਵੀਜ਼ਨ ਅੰਬ ਦੇ ਪਿੰਡਾਂ ਨਾਲ ਸਬੰਧਤ ਹੈ। ਪੁਲਸ ਦਾ ਕਹਿਣਾ ਹੈ ਕਿ ਅੱਠ ਫਰਵਰੀ ਨੂੰ ਅੰਬ ਦੇ ਅਧੀਨ ਪੈਂਦੇ ਪਿੰਡ ਤੋਂ ਲੜਕੀ (19) ਲਾਪਤਾ ਹੋਈ ਸੀ। ਉਸ ਦੇ ਪਰਵਾਰ ਨੇ ਪੁਲਸ ਨੂੰ ਸੂਚਨਾ ਦਰਜ ਕਰਵਾਈ ਸੀ ਕਿ ਉਹ ਕਾਲਜ ਗਈ, ਪਰ ਵਾਪਸ ਘਰ ਨਹੀਂ ਆਈ।ਲੜਕੀ ਦੇ ਲਾਪਤਾ ਹੋਣ ਉੱਤੇ ਪਰਵਾਰ ਨੇ ਉਕਤ ਲੜਕੇ ਉੱਤੇ ਸ਼ੱਕ ਦਾ ਦੋਸ਼ ਲਾਇਆ ਸੀ ਪਰ ਉਹ ਵੀ ਘਰੋਂ ਗਾਇਬ ਹੈ। ਪੁਲਸ ਦੇ ਅਨੁਸਾਰ ਇਸ ਮਾਮਲੇ ਵਿੱਚ ਲੜਕਾ (20) ਦੇ ਘਰ ਤੋਂ ਲਾਪਤਾ ਹੋਣ ਦੀ ਰਿਪੋਰਟ ਪੁਲਸ ਵਿੱਚ ਦਰਜ ਨਹੀਂ ਕਰਵਾਈ ਗਈ ਹੈ। ਸੰਭਾਵਨਾ ਪ੍ਰਗਟ ਕੀਤੀ ਜਾ ਰਹੀ ਹੈ ਕਿ ਦੋਨਾਂ ਨੇ ਆਤਮ ਹੱਤਿਆ ਕੀਤੀ ਹੈ, ਪਰ ਮੌਤ ਦੇ ਸਹੀ ਕਾਰਨਾਂ ਦਾ ਐਫ ਐਸ ਐਲ ਰਿਪੋਰਟ ਆਉਣ ਤੋਂ ਬਾਅਦ ਹੀ ਪਤਾ ਚੱਲ ਸਕੇਗਾ।

## ਟਰੱਕ-ਕੈਂਟਰ ਦੀ ਸਿੱਧੀ ਟੱਕਰ ਵਿੱਚ ਇੱਕ ਦੀ ਮੌਤ, ਦੋ ਜ਼ਖ਼ਮੀ

ਲਾਂਬੜਾ, 24 ਫਰਵਰੀ (ਪੋਸਟ ਬਿਊਰੋ)- ਜਲੰਧਰ-ਨਕੋਦਰ ਰੋਡ ਉੱਤੇ ਥਾਣਾ ਲਾਂਬੜਾ ਦੇ ਪਿੰਡ ਬਾਦਸ਼ਾਹਪੁਰ ਵਿਖੇ ਟਰੱਕ ਤੇ ਕੈਂਟਰ ਦੀ ਟੱਕਰ ਦੌਰਾਨ ਕੈਂਟਰ ਚਾਲਕ ਦੀ ਮੌਕੇ ਉੱਤੇਮੌਤ ਹੋ ਗਈ ਅਤੇ ਕੈਂਟਰ ਸਵਾਰ ਦੋ ਹੋਰ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਏ। ਸਥਾਨਕ ਪੁਲਸ ਨੇ ਘਟਨਾ ਦੀ ਸੂਚਨਾ ਮਿਲਦੇ ਸਾਰ ਓਥੇ ਪਹੁੰਚ ਕੇ ਜ਼ਖ਼ਮੀਆਂ ਨੂੰ ਰਾਹਗੀਰਾਂ ਦੀ ਮਦਦ ਨਾਲ ਸਿਵਲ ਹਸਪਤਾਲ ਜਲੰਧਰ ਇਲਾਜ ਲਈ ਭੇਜਿਆ। ਥਾਣਾ ਲਾਂਬੜਾ ਦੇ ਮੁਖੀ ਇੰਸਪੈਕਟਰ ਕਸ਼ਮੀਰ ਸਿੰਘ ਨੇ ਦੱਸਿਆ ਕਿ ਜਲੰਧਰ-ਨਕੋਦਰ ਨੈਸ਼ਨਲ ਹਾਈਵੇ ਉੱਤੇ ਪਿੰਡ ਬਾਦਸ਼ਾਹਪੁਰ ਵਿਖੇ ਯੂਨਿਕ ਹੋਮ ਦੇ ਸਾਹਮਣੇ ਜਲੰਧਰ ਸਾਈਡ ਵੱਲੋਂ ਆਏ ਕੈਂਟਰ ਅਤੇ ਨਕੋਦਰ ਵੱਲੋਂ ਆਏ ਟਰੱਕ ਦੀ ਆਮੋ-ਸਾਹਮਣੇ ਟੱਕਰ ਹੋ ਗਈ। ਇਸ ਦੇ ਸਿੱਟੇ ਵਜੋਂ ਕੈਂਟਰ ਚਾਲਕ ਦੀ ਮੌਕੇ ਉੱਤੇ ਮੌਤ ਹੋ ਗਈ ਤੇ ਕੈਂਟਰ ਸਵਾਰ ਦੋ ਹੋਰ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਏ। ਇਸ ਦੇ ਬਾਅਦ ਟਰੱਕ ਚਾਲਕ ਫ਼ਰਾਰ ਹੋ ਗਿਆ। ਮਰਨ ਵਾਲੇ ਕੈਂਟਰ ਚਾਲਕ ਦੀ ਪਛਾਣ ਸੋਨੂੰ ਸਿੰਘ ਪੁੱਤਰ ਜੀਤ ਸਿੰਘ ਵਾਸੀ ਹਰੀਕੇ ਕਲਾਂ ਜ਼ਿਲ੍ਹਾ ਮੁਕਤਸਰ ਸਾਹਿਬ ਅਤੇ ਜ਼ਖ਼ਮੀਆਂ ਦੀ ਪਛਾਣ ਗੁਰਪ੍ਰੀਤ ਗੋਪੀ ਪੁੱਤਰ ਤਰਸੇਮ ਲਾਲ ਵਾਸੀ ਜੈਤੋ ਚੁੰਗੀ ਕੋਟਕਪੂਰਾ ਵਜੋਂ ਹੋਈ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਉ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਉ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਤੁਰ ਗਿਆ ਪਿਆਰਾ ਜਸਜੀਤ ਭੁੱਲਰ

–ਡਾ ਗੁਰਬਖ਼ਸ਼ ਸਿੰਘ ਭੰਡਾਲ

ਪਿਆਰੇ ਜਸਜੀਤ ਸਿੰਘ ਭੁੱਲਰ ਦਾ ਬੇਵਕਤੇ ਤੁੱਰ ਜਾਣਾ, ਦੁੱਖਾਂ ਦਾ ਵਹਿ ਤੁੱਰਨਾ, ਦਰਦ ਵਿਚ ਰੰਗੇ ਜਾਣਾ, ਉਸਦੀ ਪਿਆਰੀਆਂ ਯਾਦਾਂ ਵਿਚੋਂ ਉਸਦੇ ਨਕਸ਼ਾਂ ਨੂੰ ਪੜਨਾ ਅਤੇ ਉਸ ਨਾਲ ਬਿਤਾਏ ਵੇਲਿਆਂ ਨੂੰ ਯਾਦ ਕਰਦਿਆਂ, ਅੱਖਾਂ ਨੂੰ ਖਾਰਾ ਕਰਨਾ ਹੈ। ਜਸਜੀਤ ਨੂੰ ਟੋਰਾਂਟੋ ਵਿਚ ਤਾਂ 2004 ਵਿਚ ਪਹਿਲੀ ਵਾਰ ਮਿਲਿਆ ਸਾਂ। ਪਰ ਅਸੀਂ ਦੋਵੇਂ ਸੱਤਰਵਿਆਂ ਵਿਚ ਰਣਧੀਰ ਕਾਲਜ ਵਿਚ ਇਕੱਠੇ ਪੜਦੇ ਰਹੇ ਸਾਂ। ਬੇਟ ਦੇ ਗਰਾਈਂ, ਚੀਕਣੀ ਮਿੱਟੀ ਦੇ ਜਾਏ। ਕੱਚੇ ਰਾਹਾਂ ਤੇ ਸਾਈਕਲਾਂ ਤੇ ਕਾਲਜ ਜਾਣਾ ਅਤੇ ਆਪੋ-ਆਪਣੀਆਂ ਕਿਸਮਤਾਂ ਨੂੰ ਘੜਦਿਆਂ, ਕਾਲਜ ਦੇ ਪਲਾਂ ਨੂੰ ਭਰਪੂਰਤਾ ਨਾਲ ਜਿਊਣਾ। ਬੜਾ ਪੁਰ-ਖਲੂਸ ਅਤੇ ਹੱਸਮੁੱਖ ਸੀ ਜਸਜੀਤ। ਵਿਲੱਖਣ ਸੀ ਉਸਦੀ ਮਿੱਤਰ-ਮੰਡਲੀ ਜਿਹੜੀ ਬੇਟ ਦੇ ਸਾਰੇ ਵਿਦਿਆਰਥੀਆਂ ਨੂੰ ਆਪਣੀ ਬੁੱਕਲ ਵਿਚ ਲੈ, ਕਾਲਜ ਦੇ ਰਾਂਗਲੇ ਦਿਨਾਂ ਨੂੰ ਜੀਵਨ-ਬੁਲੰਦੀਆਂ ਤੇ ਪਹੁੰਚਾਣ ਵਿਚ ਸਹਾਈ ਹੋਈ। ਗੋਰਾ ਨਿਛੋਹ, ਕੱਕੀ ਫੁੱਟਦੀ ਲੂੰਈਂ, ਛੇ ਫੁੱਟ ਲੰਮਾ ਅਤੇ ਸੁੰਦਰ ਨਕਸ਼ਾਂ ਵਾਲਾ ਜਸਜੀਤ ਹਰੇਕ ਦਾ ਦਿਲ-ਅਜ਼ੀਜ਼ ਸੀ।

ਪਤਾ ਤਾਂ ਸੀ ਕਿ ਉਹ ਕਈ ਸਾਲਾਂ ਤੋਂ ਪਰੈਸਟੇਟ ਕੈਂਸਰ ਨਾਲ ਪੀੜਤ ਹੈ। ਪਰ ਉਹ ਹਮੇਸ਼ਾ ਚੜਦੀ ਕਲਾ ਵਿਚ ਰਹਿੰਦਾ ਸੀ। ਪਿਛਲੇ ਸਾਲ ਜਨਵਰੀ ਵਿਚ ਮੇਰੀਆਂ ਪੁਸਤਕਾ ਦੇ ਰੀਲੀਜ਼ ਮੌਕੇ ਉਹ ਸਾਰੇ ਬੰਦੋਬਸਤਾਂ ਦਾ ਮੋਹਰੀ ਸੀ। ਉਸਨੂੰ ਬਹੁਤ ਚਾਅ ਤੇ ਮਾਣ ਹੁੰਦਾ ਸੀ ਅਜੇਹੇ ਮੌਕੇ ਤੇ। ਉਸਦੀ ਹਰ ਸੰਭਵ ਕੋਸ਼ਿਸ ਹੁੰਦੀ ਕਿ ਸਾਹਿਤਕ ਸਮਾਗਮ ਬਹੁਤ ਸਫਲ ਹੋਵੇ ਕਿਉਂਕਿ ਉਹ ਆਪ ਵੀ ਸਾਹਿਤ ਦਾ ਵਿਦਿਅਰਥੀ ਸੀ। ਅਕਸਰ ਹੀ ਮੈਂ ਫ਼ੋਨ ਤੇ ਹਾਲ-ਚਾਲ ਪੁੱਛਣਾ ਤਾਂ ਉਸ ਨੇ ਕਹਿਣਾ ਕਿ ਕੰਮਜੋਰੀ ਹੈ ਪਰ ਠੀਕ ਹਾਂ ਅਤੇ ਘਰ ਵਿਚ ਬੇਟੀ ਦੇ ਬੱਚਿਆਂ ਨਾਲ ਖੇਡਦਿਆਂ ਵਧੀਆ ਦਿਨ ਲੰਘਦਾ ਹੈ। ਪਰ ਦਿਲ ਵਿਚ ਧੁੜਕੂ ਹੁੰਦਾ ਸੀ ਕਿ ਮਤਾਂ ਕੋਈ ਮਨਹੂਸ ਖਬਰ ਨਾ ਮਿਲੇ

ਤੇ ਸੱਚੀਂ ਉਹ ਮਨਹੂਸ ਖਬਰ ਕੱਲ ਮਿਲੀ ਤਾਂ ਮਨ ਬਹੁਤ ਪੀੜਤ ਹੋਇਆ। ਇਕ ਮਿੱਤਰ ਪਿਆਰੇ ਦਾ ਸਦਾ ਲਈ ਤੁੱਰ ਜਾਣਾ ਤੇ ਪੁਰਾਣੀਆਂ ਸਾਝਾਂ ਤੋਂ ਰੁੱਖਸਤਗੀ, ਦੁੱਖ ਤਾਂ ਬਹੁਤ ਦਿੰਦੀ ਆ।



ਜਸਜੀਤ ਭੁੱਲਰ ਇਕ ਵਧੀਆ ਇਨਸਾਨ, ਯਾਰਾਂ ਦਾ ਯਾਰ, ਬਿਹਤਰੀਨ ਜੀਵਨ-ਸਾਥੀ, ਬੇਟੀਆਂ ਦੇ ਸਾਹੀਂ ਜਿਊਣ ਵਾਲਾ ਬਾਪ, ਪਿਤਾ ਵਰਗਾ ਭਰਾ, ਮਾਪਿਆਂ ਦਾ ਹੋਣਹਾਰ ਪੁੱਤਰ ਅਤੇ ਸਮਾਜਿਕ ਸੇਵਕ ਸੀ। ਦਰਅਸਲ ਜਸਜੀਤ ਇਕ ਸੰਸਥਾ ਸੀ। ਉਹ ਇਕ ਹੀ ਸਮੇਂ ਓਨਟਾਰੀਓ ਖਾਲਸਾ ਦਰਬਾਰ ਦਾ ਪੰਦਰਾਂ ਸਾਲ ਪ੍ਰਧਾਨ ਰਿਹਾ। ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਮੋਢੀ ਮੈਂਬਰਾਂ ਵਿਚੋਂ ਇਕ ਸੀ। ਰਾਜਸੀ ਗੁਲਿਆਰਿਆਂ ਵਿਚ ਉਸਦੀ ਹਾਜਰੀ ਮਹੱਤਵਪੂਰਨ ਸੀ ਅਤੇ ਲੋਕਲ ਪੱਧਰ ਤੇ ਭਾਈਚਾਰਕ/ਸਮਾਜਿਕ/ਸਾਹਿ- ਹਤਕ/ਧਾਰਮਿਕ/ਰਾਜਸੀ ਖੇਤਰਾਂ ਵਿਚ ਉਸਦਾ ਮਜਬੂਤ ਅਧਾਰ ਸੀ। ਡਿਕਸੀ ਗੁਰੂਘਰ ਨੂੰ ਧਾਰਮਿਕ ਗਤੀਵਿਧੀਆਂ ਦਾ ਕੇਂਦਰ ਬਣਾਉਣ ਵਿਚ ਉਸਦਾ ਰੋਲ ਅਹਿਮ ਸੀ। ਭਾਂਵੇਂ ਡਾ ਗੁਰਨਾਮ ਸਿੰਘ ਵਰਗੇ ਮਹਾਨ ਕੀਰਤਨੀਏ ਨੂੰ ਡਿਕਸੀ ਗੁਰੂਘਰ ਬੁਲਾਉਣਾ ਹੋਵੇ, ਡਾ

ਹਰਸ਼ਿੰਦਰ ਕੌਰ ਨੂੰ ਵਿਸਾਖੀ ਦੇ ਮੌਕੇ ਤੇ ਸਿੱਖ ਸੰਗਤਾਂ ਨੂੰ ਸੰਬੋਧਨ ਕਰਨ ਲਈ ਸੱਦਣਾ ਹੋਵੇ ਜਾਂ ਅਜੇਹੇ ਮੌਕਿਆਂ ਤੇ ਰਾਜਸੀ ਲੀਡਰਾਂ ਰਾਹੀਂ ਪੰਜਾਬੀਆਂ ਤੇ ਸਿੱਖਾਂ ਨਾਲ ਸਬੰਧਤ ਮਸਲਿਆਂ ਨੂੰ ਹੱਲ ਕਰਨ ਵਿਚ ਪਹਿਲ ਕਰਨੀ ਹੋਵੇ। ਵਿਸਾਖੀ ਤੇ ਕੱਢੇ ਜਾਣ ਵਾਲੇ ਸੋਵੀਨਾਰ ਵਿਚ ਵੱਖ-ਵੱਖ ਆਰਟੀਕਲਾਂ ਦੀ ਗੁੱਣਤਾ ਨੂੰ ਉਚਤਮ ਰੱਖਣਾ ਉਸਦੀ ਤਰਜ਼ੀਹ ਹੁੰਦੀ ਅਤੇ ਉਹ ਇਸ ਬਾਰੇ ਜਨਵਰੀ ਵਿਚ ਹੀ ਸਲਾਹਾਂ ਕਰਨ ਲੱਗਦਾ। ਮਹਾਨ

ਵਿਦਵਾਨਾਂ ਕੋਲੋਂ ਅੰਗਰੇਜੀ ਤੇ ਪੰਜਾਬੀ ਵਿਚ ਸਿੱਖ ਧਰਮ ਦੇ ਵੱਖ ਵੱਖ ਪਹਿਲੂਆਂ ਬਾਰੇ ਲੇਖ ਲਿਖਵਾਉਂਦਾ ਸੀ। ਡਿਕਸੀ ਗੁਰੂਘਰ ਨੂੰ ਉਤਰੀ ਅਮਰੀਕਾ ਦੀ ਬਿਹਤਰੀਨ ਸੰਸਥਾ ਬਣਾਉਣ ਵਿਚ ਉਸ ਦਾ ਮਹੱਤਵਪੁਰਨ ਯੋਗਦਾਨ ਸੀ।

ਟੋਰਾਂਟੋ ਵਿਚ 2006-2008 ਦੌਰਾਨ ਪ੍ਰਵਾਸੀ ਅਖਬਾਰ ਅਤੇ 2010 ਤੋਂ 12014 ਦੌਰਾਨ ਪੰਜਾਬੀ ਪੋਸਟ ਵਿਚ ਕੰਮ ਕਰਦਿਆਂ ਅਕਸਰ ਹੀ ਜਸਜੀਤ ਸਿੰਘ ਨਾਲ ਬਹੁਤ ਹੀ ਨਿੱਘੇ ਸਬੰਧ ਰਹੇ। ਕੈਨੇਡਾ ਵਿਚ ਪੰਜਾਬੀਆਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਉਸਦੀ ਰਾਏ ਬਹੁਤ ਹੀ ਨਿੱਗਰ, ਨਿਰਪੱਖ, ਨਿਰਲੇਪ, ਸੰਤੁਲਤ ਅਤੇ ਸੰਵੇਦਨਸ਼ੀਲ ਹੁੰਦੀ ਸੀ। ਨਵੇਂ ਸਾਲ ਤੇ ਸਾਰਿਆਂ ਦੀ ਸਲਾਮਤੀ ਲਈ ਕਪੂਰਥਲਾ ਵਾਸੀਆਂ ਵਲੋਂ ਹਰ ਸਾਲ ਅਖੰਠ ਪਾਠ ਕਰਵਾਉਣ ਅਤੇ ਕਪੂਰਥਲਾ ਪਿਕਨਿਕ ਅਤੇ ਨਾਈਟ ਮਨਾਉਣ ਵਿਚ ਉਸਦੀ ਮੋਹਰੀ ਭੂਮਿਕਾ ਹੁੰਦੀ ਸੀ। ਅਸੀਂ ਅਕਸਰ ਹੀ ਕਾਲਜ ਦੇ ਪੁਰਾਣੇ ਦਿਨਾਂ, ਸਾਥੀਆਂ ਜਾਂ ਇਲਾਕੇ ਬਾਰੇ ਗੱਲਾਂ ਕਰਦਿਆਂ ਕਈ ਘੰਟੇ ਬਤੀਤ ਦਿੰਦੇ ਸਾਂ।

ਆਪਣੀ ਮਾਂ ਦੇ ਜਿਉਂਦੇ ਜੀਅ, ਜਸਜੀਤ ਭੁੱਲਰ ਦਾ ਇਸ ਤਰਾਂ ਵਿਛੋੜਾ ਦੇ ਜਾਣਾ, ਮਾਂ ਲਈ ਅਸਹਿ ਅਤੇ ਅਕਹਿ ਪੀੜਾ। ਕੌਣ ਪਾਵੇਗਾ ਉਸਦੇ ਦਰਦ ਦੀ ਥਾਅ ਜਿਸਨੂੰ ਆਪਣੇ ਅੱਖਾਂ ਦੇ ਤਾਰੇ ਨੂੰ ਆਪਣੇ ਹੱਥੀਂ ਅੱਗ ਦੇ ਹਵਾਲੇ ਕਰਨਾ ਪਵੇਗਾ? ਕਾਸ਼! ਮਾਵਾਂ ਨੂੰ ਅਜੇਹੇ ਦਿਨ ਕਦੇ ਨਾ ਦੇਖਣੇ ਪੈਣ।

ਜਸਜੀਤ ਯਾਰ! ਤੂੰ ਕਿਹੜੇ ਵਕਤ ਜੁਦਾ ਹੋਇਆ ਕਿ ਬੰਦ ਸਰਹਦਾਂ ਦੌਰਾਨ, ਤੈਨੂੰ ਆਖਰੀ ਅਲਵਿਦਾ ਵੀ ਨਹੀਂ ਕਹਿ ਸਕਦਾ। ਦੋਸਤ! ਅੱਖਰੀ ਅਕੀਦਤ ਰਾਹੀਂ ਤੈਨੂੰ ਨੱਤਸਮਤਕ ਹੁੰਦਿਆਂ, ਦੁਆ ਹੀ ਕਰ ਸਕਦਾ ਕਿ ਪ੍ਰਮਾਤਮਾ ਤੇਰੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਤੇਰੀਆਂ ਬੇਟੀਆਂ, ਜੀਵਨ-ਸਾਥਣ, ਭਰਾ ਅਤੇ ਤੇਰੀਆਂ ਮੰਨਤਾਂ ਮੰਗਣ ਵਾਲੀ ਮਾਂ ਨੂੰ ਹੌਸਲਾ ਦੇਵੇ ਕਿ ਉਹ ਇਸ ਸਦਮੇ ਨੂੰ ਸਹਿ ਸਕਣ। ਪਰ ਯਾਰਾ!

ਇਹ ਔਖਾ ਬਹੁਤ ਆ।

ਭਰੀਆਂ ਅੱਖਾਂ ਨਾਲ ਤੈਂਨੂੰ ਆਖਰੀ ਅਲਵਿਦਾ ਕਹਿੰਦਿਆਂ, ਤੇਰੇ ਗਰਾਈਆਂ, ਮਿੱਤਰਾਂ ਅਤੇ ਬੇਟ ਦੇ ਇਲਾਕੇ ਵਲੋਂ ਤੈਂਨੂੰ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

# ਚਾਈਨਾ ਡੋਰ ਤੋਂ ਕਰੰਟ ਲੱਗਣ ਨਾਲ ਲੜਕਾ-ਲੜਕੀ ਝੁਲਸੇ

ਫ਼ਰੀਦਕੋਟ, 24 ਫਰਵਰੀ (ਪੋਸਟ ਬਿਊਰੋ)- ਚਾਈਨਾ ਡੋਰ ਨਾਲ ਵਾਪਰਦੀਆਂ ਦੁਖਦਾਈ ਘਟਨਾਵਾਂ ਦੀਆਂ ਖ਼ਬਰਾਂ ਦੇ ਬਾਵਜੂਦ ਪੰਜਾਬ ਦੇ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ 'ਚ ਚਾਈਨਾ ਡੋਰ ਦੀ ਵਰਤੋਂ ਅਤੇ ਵਿਕਰੀ ਦਾ ਸਿਲਸਿਲਾ ਜਾਰੀ ਹੈ। ਅੱਜ ਸਥਾਨਕ ਬਾਹਮਣ ਵਾਲਾ ਸੜਕ ਉੱਤੇਇੱਕ ਬਸਤੀ ਦੇ ਵਸਨੀਕ ਨੌਜਵਾਨ ਲੜਕੇ ਅਤੇ ਲੜਕੀ ਦੇ ਚਾਈਨਾ ਡੋਰ ਕਾਰਨ ਬੁਰੀ ਤਰ੍ਹਾਂ ਝੁਲਸ ਜਾਣ ਦੀ ਖ਼ਬਰ ਮਿਲੀ ਹੈ।

ਮਿਲੀ ਜਾਣਕਾਰੀ ਅਨੁਸਾਰ 20 ਸਾਲਾ ਲੜਕੀ ਰਮਨਦੀਪ ਕੌਰ ਪੁੱਤਰੀ ਸੇਵਕ ਸਿੰਘ ਆਪਣੇ ਘਰ ਰਸੋਈ ਵਿੱਚ ਚਾਹ ਬਣਾ ਰਹੀ ਸੀ ਤੇ ਕੋਠੇ ਉਪਰ ਗੁਆਂਢੀਆਂ ਦਾ 21 ਸਾਲਾ ਲੜਕਾ ਸਤਨਾਮ ਸਿੰਘ ਮਿੱਟੀ ਚੜ੍ਹਾ ਰਿਹਾ ਸੀ। ਜਦ ਉਸ ਨੇ ਚਾਈਨਾ ਡੋਰ ਕੋਠੇ ਉਪਰ ਪਈ ਦੇਖੀ ਤਾਂ ਡੋਰ ਨੂੰ ਹੱਥ ਲਾਉਂਦੇ ਸਾਰ ਉਹ ਤਰੇਲ ਨਾਲ ਗਿੱਲੀ ਹੋਣ ਕਾਰਨ ਨੇੜਿਓਂ ਲੰਘਦੀਆਂ 132 ਕੇ ਵੀ ਬਿਜਲੀ ਦੀਆਂ ਤਾਰਾਂ ਦੀ ਲਪੇਟ ਵਿੱਚ ਆ ਕੇ ਬੁਰੀ ਤਰ੍ਹਾਂ ਝੁਲਸ ਗਿਆ। ਫਿਰ ਇਹ ਡੋਰ ਮਕਾਨ ਦੇ ਬਾਹਰ ਲਮਕਦੇ ਸਰੀਏ ਨਾਲ ਲੱਗ ਗਈ ਤੇ ਹਾਈਵੋਲਟੇਜ ਵਾਲਾ ਕਰੰਟ ਮਕਾਨ ਦੀਆਂ ਸਾਰੀਆਂ ਤਾਰਾਂ ਅਤੇ ਫ਼ਰਿੱਜ, ਐਲ ਈ ਡੀ ਵਰਗੇ ਬਿਜਲੀ ਦੇ ਜੰਤਰ ਸਾੜਨ ਦਾ ਕਾਰਨ ਬਣਿਆ। ਇਸ ਦੌਰਾਨ ਲੜਕੀ ਵੀ ਜਖਮੀ ਹੋ ਗਈ ਅਤੇ ਛੱਤ 'ਚ ਵੀ ਤਰੇੜਾਂ ਆ ਗਈਆਂ। ਲੜਕੇ, ਲੜਕੀ ਦੋਵਾਂ ਨੂੰ ਗੰਭੀਰ ਹਾਲਤ ਵਿੱਚ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਫ਼ਰੀਦਕੋਟ ਵਿਖੇ ਪਹੁੰਚਾਇਆ ਗਿਆ ਹੈ, ਜਿੱਥੇ ਉਹ ਜ਼ੇਰੇ ਇਲਾਜ ਹਨ।

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ■ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਆਪਣੇ ਆਪ ਨੂੰ ਘਰ ਵਿਚ ਅਲੱਗ ਨਹੀਂ ਕਰ ਸਕਦੇ?



ਮਦਦ ਉਪਲਬਧ ਹੈ।

ਸਾਡਾ ਪ੍ਰੋਗਰਾਮ ਹੋਟਲ ਦੇ ਮੁਫਤ ਨਿੱਜੀ ਕਮਰਿਆਂ ਦੀ ਪੇਸ਼ਕਸ਼ ਕਰਦਾ ਹੈ।

ਸਾਈਨ ਅਪ ਕਰਨ ਲਈ ਜਾਂ ਵਧੇਰੇ ਜਾਣਕਾਰੀ ਲਈ 905-281-1269 'ਤੇ ਕਾਲ

peelregion.ca/COVID-19

Region of Peel working with you



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, Angrez Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.



## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ

ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

ਲੇਡੀ ਇੰਸਟ੍ਰਕਟਰ

] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

647-998-7500 ਬਲਵਿੰਦਰ

## ਨੈਨੀ ਦੀ ਲੋੜ

Queen and credit view area ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।

ਸੰਪਰਕ: 416-556-6884

## BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005

Best Canadian Truck & Forklift Training Centre

- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-

Karnail Singh

416.670.3173 | 905.799.7333
27 Edvac Dr, Brampton, ON L6S 5X8

## Visions of Punjab

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
*Mahal Entertainment Inc.*
Cell:416-587-5520
Email: iqbalmahal46@gmail.com

Natasha Mahal, Co-Host
Iqbal Mahal, Producer & Host

Serving the South Asian Community Since 1976


## PUNJABI RANG RADIO

CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224

## KAMAL SANDHU



Sales Representative
647.891.0143
RE/MAX GOLD
realtorkamalsandhu@gmail.com
www.arearealtor.com

Looking For a Nest..? Call the Best




CLOSING IN APRIL 2021

| Bedroom | Bathroom |
|---|---|
| 4 | 2+1 |
| **Size (Sq.Ft.)** | **Home Details** |
| 2455 | 42' |

EXCLUSIVE FOR SALE IN WOODSTOCK



CLOSING IN APRIL 2021

| Bedroom | Bathroom |
|---|---|
| 4 | 2+1 |
| **Size (Sq.Ft.)** | **Home Details** |
| 2250 | 36' |

FOR SALE

EXCLUSIVE
JAMES C

KAMAL SANDHU RE/MAX GOLD REALTY INC BROKERAGE

# ਮਨੁੱਖੀ ਆਦਤਾਂ ਬਦਲੀਆਂ ਵੀ ਜਾ ਸਕਦੀਆਂ ਨੇ ...



ਡਾ. ਸੁਖਦੇਵ ਸਿੰਘ ਝੰਡ
ਫ਼ੋਨ: 647-567-9128

ਇਹ ਆਮ ਧਾਰਨਾ ਹੈ ਕਿ ਮਨੁੱਖ ਲਈ ਆਪਣੀਆਂ ਆਦਤਾਂ ਨੂੰ ਬਦਲਣਾ ਆਸਾਨ ਨਹੀਂ ਹੈ। ਬਚਪਨ ਦੀਆਂ ਆਦਤਾਂ ਬੁਢਾਪੇ ਤੱਕ ਨਾਲ ਹੀ ਜਾਂਦੀਆਂ ਹਨ। ਪੰਜਾਬੀਆਂ ਦਾ ਹਰਮਨ-ਪਿਆਰਾ ਮਹਾਂਕਾਵਿ 'ਹੀਰ' ਜੋ ਹੀਰ ਤੇ ਰਾਂਝੇ ਦੀ ਪ੍ਰੇਮ-ਗਾਥਾ ਨੂੰ ਬਾਖ਼ੂਬੀ ਬਿਆਨਦਾ ਹੈ, ਦੇ ਰਚਣਹਾਰੇ ਮੀਆਂ ਵਾਰਸ ਸ਼ਾਹ ਜੀ ਆਪਣੇ ਇਸ ਸ਼ਾਹਕਾਰ ਵਿਚ ਫ਼ਰਮਾਉਂਦੇ ਹਨ:

"ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ-ਪੋਰੀਆਂ ਜੀ।" ਵਾਰਸ ਸ਼ਾਹ ਹੋਰਾਂ ਦੇ ਇਸ ਕਥਨ ਦਾ ਸਾਰ-ਅੰਸ਼ ਹੈ ਕਿ ਮਨੁੱਖੀ ਆਦਤਾਂ ਨੂੰ ਬਦਲਣਾ ਮੁਸ਼ਕਲ ਹੀ ਨਹੀਂ, ਸਗੋਂ ਇਹ ਲੱਗਭੱਗ ਅਸੰਭਵ ਹੈ ਅਤੇ ਇਹ ਮਨੁੱਖ ਦੇ ਨਾਲ ਹੀ ਉਸ ਦੇ ਅੰਤ ਤੱਕ ਨਿਭਦੀਆਂ ਹਨ। ਉਨ੍ਹਾਂ ਦੇ ਇਸ ਕਥਨ ਦੀ ਪ੍ਰੋੜ੍ਹਤਾ ਪ੍ਰਚੱਲਤ ਲੋਕ-ਅਖਾਣ "ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ" ਵੀ ਪੂਰੀ ਤਰ੍ਹਾਂ ਕਰਦਾ ਹੈ। ਆਦਤਾਂ ਦੋ ਤਰ੍ਹਾਂ ਦੀਆਂ ਹਨ, ਚੰਗੀਆਂ ਅਤੇ ਮਾੜੀਆਂ। ਇਹ ਵੀ ਹੋ ਸਕਦਾ ਹੈ ਕਿ ਵਾਰਸ ਸ਼ਾਹ ਹੋਰਾਂ ਨੇ ਇਹ ਗੱਲ ਮਾੜੀਆਂ ਆਦਤਾਂ ਦੇ ਨਾਲ਼-ਨਾਲ਼ ਚੰਗੀਆਂ ਆਦਤਾਂ ਲਈ ਵੀ ਆਖੀ ਹੋਵੇ। ਵੈਸੇ, ਆਮ ਲੋਕਾਂ ਦਾ ਮਾੜੀਆਂ ਆਦਤਾਂ ਬਾਰੇ ਖ਼ਿਆਲ ਹੈ ਕਿ ਮਨੁੱਖ ਲਈ ਬਚਪਨ ਜਾਂ ਜਵਾਨੀ ਵਿਚ ਪਈਆਂ ਮਾੜੀਆਂ ਆਦਤਾਂ ਨੂੰ ਬਦਲਣਾ ਬੜਾ ਮੁਸ਼ਕਲ ਹੈ ਅਤੇ ਇਹ ਉਸ ਦੇ ਨਾਲ ਜੀਵਨ-ਭਰ ਚੱਲਦੀਆਂ ਹਨ। ਉਨ੍ਹਾਂ ਅਨੁਸਾਰ ਝੂਠ ਬੋਲਣ, ਲੜਨ, ਝਗੜਨ, ਲੋਭ, ਲਾਲਚ, ਈਰਖਾ ਜਾਂ ਸਾੜਾ ਕਰਨ ਵਰਗੀਆਂ ਆਦਤਾਂ ਮਨੁੱਖ ਦੇ ਮਰਨ ਤੱਕ ਉਸ ਦਾ ਪਿੱਛਾ ਨਹੀਂ ਛੱਡਦੀਆਂ ਅਤੇ ਇਹ ਉਸ ਦੇ ਨਾਲ ਹੀ ਨਿਭਦੀਆਂ ਹਨ।

ਕਰੋਨਾ ਦੇ ਇਸ ਚੱਲ ਰਹੇ ਅਜੋਕੇ ਪ੍ਰਕੋਪ ਦੌਰਾਨ ਮਹੀਨਾ ਕੁ ਪਹਿਲਾਂ ਮੈਂ ਮਨੁੱਖੀ ਆਦਤਾਂ ਬਾਰੇ ਜੇਮਜ਼ ਕਲੀਅਰ ਦੀ 306 ਪੰਨਿਆਂ ਦੀ ਵੱਡ-ਆਕਾਰੀ ਪੁਸਤਕ 'ਐਟੌਮਿਕ ਹੈਬਿਟਸ' (Atomic Habits) 'ਐਮਾਜ਼ੋਨ' ਵਾਲਿਆਂ ਕੋਲੋਂ ਡਾਕ ਰਾਹੀਂ ਮੰਗਵਾ ਕੇ ਅੱਖਰ-ਅੱਖਰ ਪੜ੍ਹੀ ਹੈ। ਇਸ ਪੁਸਤਕ ਦਾ ਸਬ-ਟਾਈਟਲ "An Easy & Proven Way to Build Good Habits & Break Bad Ones" ਇਸ ਵਿਚ ਚੰਗੀਆਂ ਆਉਣ ਅਤੇ ਮਾੜੀਆਂ ਆਦਤਾਂ ਛੁਡਵਾਉਣ ਬਾਰੇ ਇਸ ਵਿਚ ਦਰਸਾਏ ਗਏ ਢੰਗਾਂ-ਤਰੀਕਿਆਂ ਦੀ ਖ਼ੂਬਸੂਰਤ ਝਲਕ ਪਵਾਉਂਦਾ ਹੈ। ਲੇਖਕ ਨੇ ਜਿੱਥੇ ਇਸ ਪੁਸਤਕ ਵਿਚ ਮਨੁੱਖ ਦੀਆਂ ਛੋਟੀਆਂ-ਛੋਟੀਆਂ ਆਦਤਾਂ ਦਾ ਬਾਖ਼ੂਬੀ ਜ਼ਿਕਰ ਕੀਤਾ ਹੈ, ਉੱਥੇ ਇਸ ਵਿਚ ਚੰਗੀਆਂ ਆਦਤਾਂ ਨੂੰ ਅਪਨਾਉਣ ਅਤੇ ਮਾੜੀਆਂ ਨੂੰ ਛੱਡਣ ਦੇ ਢੰਗ-ਤਰੀਕਿਆਂ ਬਾਰੇ ਵੀ ਵੱਡਮੁੱਲੀ ਜਾਣਕਾਰੀ ਦਰਜ ਕੀਤੀ ਹੈ। ਉਸ ਦਾ ਕਹਿਣਾ ਕਿ ਮਨੁੱਖੀ ਆਦਤਾਂ ਬਦਲੀਆਂ ਵੀ ਜਾ ਸਕਦੀਆਂ ਹਨ। ਇਸ ਦੇ ਲਈ ਮਨੁੱਖ ਨੂੰ ਆਪਣਾ ਮਨ ਪੱਕਾ ਕਰਨ ਅਤੇ ਲੋੜੀਂਦਾ ਫ਼ੈਸਲਾ ਲੈ ਕੇ ਉਸ ਨੂੰ ਦੁਹਰਾਉਣ ਅਤੇ ਫਿਰ ਉਸ ਨੂੰ ਆਪਣੇ ਉੱਪਰ ਲਾਗੂ ਕਰਨ ਲਈ ਅਭਿਆਸ ਕਰਨ ਦੀ ਲੋੜ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ ਪੁਸਤਕ ਦੇ ਲੇਖਕ ਜੇਮਜ਼ ਕਲੀਅਰ ਦੇ ਆਰਟੀਕਲ ਸੰਸਾਰ ਪ੍ਰਸਿੱਧ ਰਿਸਾਲਿਆਂ 'ਟਾਈਮ','ਐਂਟਰਪ੍ਰੀਨੀਅਰ' ਅਤੇ 'ਨਿਊ ਯੌਰਕ ਟਾਈਮਜ' ਵਰਗੀਆਂ ਮਿਆਰੀ ਅਖ਼ਬਾਰਾਂ ਵਿਚ ਅਕਸਰ ਛਪਦੇ ਰਹਿੰਦੇ ਹਨ, ਅਤੇ ਉਸ ਨੂੰ ਵੱਡੇ-ਵੱਡੇ ਪਲੇਟਫ਼ਾਰਮਾਂ 'ਤੇ ਵੱਖ-ਵੱਖ ਵਿਸ਼ਿਆਂ ਉੱਪਰ ਬੋਲਣ ਦੀ ਮੁਹਾਰਤ ਹਾਸਲ ਹੈ।

ਜੇਮਜ਼ ਕਲੀਅਰ ਅਨੁਸਾਰ 'ਆਦਤ' ਇਕ "ਅਜਿਹਾ ਵਰਤਾਰਾ ਹੈ ਜਿਸ ਨੂੰ ਮਨੁੱਖ ਜਾਂ ਕਿਸੇ ਜੀਵ ਵੱਲੋਂ ਬਾਰ-ਬਾਰ ਦੁਹਰਾਇਆ ਜਾਂਦਾ ਹੈ ਅਤੇ ਇਸ ਤਰ੍ਹਾਂ ਚੱਲਦਾ ਚੱਲਦਾ ਇਹ ਵਰਤਾਰਾ 'ਸਵੈਚਾਲਕ' (Automatic) ਹੋ ਜਾਂਦਾ ਹੈ।" ਮਨੁੱਖੀ ਆਦਤਾਂ ਚੰਗੀਆਂ ਵੀ ਹੋ ਸਕਦੀਆਂ ਅਤੇ ਮਾੜੀਆਂ ਵੀ। ਇਹ 'ਦੋ-ਧਾਰੀ ਤਲਵਾਰ' ਹਨ। ਉਦਾਹਰਣ ਵਜੋਂ, ਸਿਗਰਟ-ਨੋਸ਼ੀ ਜਾਂ ਤੰਮਾਕੂ ਪੀਣ ਦੀ ਆਦਤ ਦਮੇਂ ਦੀ ਬੀਮਾਰੀ (ਓਸਟਹਮਅ) ਦੇ ਮਰੀਜ਼ ਲਈ ਉਸ ਨੂੰ ਸਾਹ ਸੌਖੀ ਤਰ੍ਹਾਂ ਲੈਣ ਵਿਚ ਮਦਦਗਾਰ ਸਾਬਤ ਹੋ ਸਕਦੀ ਹੈ ਪਰ ਇਸ ਦੇ ਨਾਲ਼ ਹੀ ਇਹ ਉਸ ਦੇ ਫੇਫੜਿਆਂ ਉੱਪਰ ਬਹੁਤ ਬੁਰਾ ਅਸਰ ਪਾ ਸਕਦੀ ਹੈ ਜੋ ਫੇਫੜਿਆਂ ਦੇ ਕੈਂਸਰ ਦਾ ਰੂਪ ਵੀ ਧਾਰਨ ਕਰ ਸਕਦਾ ਹੈ। ਚੰਗੀਆਂ ਆਦਤਾਂ ਮਨੁੱਖ ਦੇ ਸੁਧਾਰ ਰੂਪੀ ਮੂਲਧੰਨ ਵਿਚ ਇਨ੍ਹਾਂ ਦੇ ਵਿਆਜ (Interest) ਨੂੰ ਜਮ੍ਹਾ ਕਰਕੇ ਉਸ ਨੂੰ ਵਧੀਆ ਜੀਵਨ-ਜਾਚ ਦੇ 'ਮਿਸ਼ਰਧੰਨ' (Compound Principal Amount) ਵਿਚ ਬਦਲ ਦਿੰਦੀਆਂ ਹਨ ਅਤੇ ਮਾੜੀਆਂ ਆਦਤਾਂ ਦੇ ਸੰਦਰਭ ਵਿਚ ਇਹ ਉਸ ਦੇ 'ਵਿਗਾੜਾਂ ਦਾ ਮਿਸ਼ਰਧੰਨ' ਵੀ ਬਣ ਜਾਂਦੀਆਂ ਹਨ। ਮਨੁੱਖੀ ਮਨ ਮਾੜੀਆਂ ਆਦਤਾਂ ਨੂੰ ਬੜੀ ਜਲਦੀ ਸਵੀਕਾਰਦਾ ਹੈ, ਜਦਕਿ ਚੰਗੀਆਂ ਆਦਤਾਂ ਅਪਨਾਉਣ ਲਈ ਉਸ ਨੂੰ ਕਾਫ਼ੀ ਸਮਾਂ ਲੱਗ ਜਾਂਦਾ ਹੈ।

ਵੱਡੇ-ਵੱਡੇ ਫ਼ੈਸਲਿਆਂ ਦੀ ਸ਼ੁਰੂਆਤ ਛੋਟੀਆਂ-ਛੋਟੀਆਂ ਗੱਲਾਂ ਤੋਂ ਹੀ ਹੁੰਦੀ ਹੈ। ਹਰੇਕ ਆਦਤ ਦਾ ਬੀਜ ਸਾਡੇ ਮਨ ਦੇ ਨਿੱਕੇ ਜਿਹੇ ਫ਼ੈਸਲੇ ਵਿਚ ਛੁਪਿਆ ਹੁੰਦਾ ਹੈ। ਇਹ ਫ਼ੈਸਲਾ ਸਾਡੇ ਵੱਲੋਂ ਆਪਣੇ ਮਨ ਵਿਚ ਅੰਦਰੇ ਅੰਦਰ ਦੁਹਰਾਇਆ ਜਾਂਦਾ ਹੈ ਅਤੇ ਹੌਲੀ-ਹੌਲੀ ਇਹ ਮਜ਼ਬੂਤ ਹੁੰਦਾ ਜਾਂਦਾ ਹੈ। ਕਿਸੇ ਮਾੜੀ ਆਦਤ ਨੂੰ ਛੱਡਣਾ ਮਨ ਵਿੱਚੋਂ 'ਵੱਡੇ ਰੁੱਖ' (ਬੋਹੜ ਜਾਂ ਓਕ) ਨੂੰ ਜੜ੍ਹੋਂ ਪੁੱਟਣ ਵਾਂਗ ਹੈ ਅਤੇ ਚੰਗੀ ਆਦਤ ਨੂੰ ਮਨ ਵਿਚ ਵਸਾਉਣਾ ਕੋਈ ਖ਼ੂਬਸੂਰਤ ਖ਼ੁਸ਼ਬੂਦਾਰ ਫੁੱਲ ਉਗਾਉਣਾ ਹੈ। ਇਹ ਸਾਡੀ ਆਪਣੀ ਮਰਜ਼ੀ ਹੈ ਕਿ ਅਸੀਂ ਕੀ ਕਰਨਾ ਚਾਹੁੰਦੇ ਹਾਂ। ਕੀ ਅਸੀਂ ਮਾੜੀ ਆਦਤ ਨੂੰ ਛੱਡ ਕੇ ਕਿਸੇ ਚੰਗੀ ਆਦਤ ਨੂੰ ਅਪਨਾਉਣਾ ਚਾਹੁੰਦੇ ਹਾਂ ਜਾਂ ਫਿਰ ਓਸੇ ਤਰ੍ਹਾਂ ਓਸੇ ਹੀ ਹਾਲਤ ਵਿਚ ਜਿਊਣਾ ਚਾਹੁੰਦੇ ਹਾਂ। ਉਦਾਹਰਣ ਵਜੋਂ, ਲੇਖਕ ਬਣਨ ਲਈ ਕਿਸੇ ਵਿਅਕਤੀ ਨੂੰ ਰੋਜ਼ ਕੁਝ ਨਾ ਕੁਝ, ਭਾਵੇਂ ਇਕ ਸਫ਼ਾ ਹੀ ਸਹੀ, ਲਿਖਣਾ ਜ਼ਰੂਰੀ ਹੈ ਅਤੇ ਖਿਡਾਰੀ ਬਣਨ ਦੇ ਇੱਛਕ ਨੂੰ ਆਪਣੀ ਮਨ-ਪਸੰਦ ਖੇਡ ਦੀ ਹਰ ਰੋਜ਼ ਪ੍ਰੈਕਟਿਸ ਕਰਨੀ ਜ਼ਰੂਰੀ ਹੈ। ਏਸੇ ਤਰ੍ਹਾਂ ਕਿਸੇ ਮਾੜੀ ਆਦਤ ਨੂੰ ਛੱਡਣ ਲਈ ਉਸ ਦੇ ਲਈ ਪਹਿਲਾਂ ਆਪਣਾ ਮਨ ਪੱਕਾ ਬਣਾਉਣਾ ਅਤੀ ਜ਼ਰੂਰੀ ਹੈ ਕਿ ਮੈਂ ਇਹ ਹਰ ਹਾਲਤ ਵਿਚ ਛੱਡਣੀ ਹੀ ਹੈ ਅਤੇ ਫਿਰ ਇਸ ਛੱਡੀ ਹੋਈ ਆਦਤ ਆਪਣੇ ਤੋਂ ਪਰੇ ਰੱਖਣਾ ਵੀ ਜ਼ਰੂਰੀ ਹੈ।

ਆਦਤਾਂ ਸਾਡੇ ਜੀਵਨ ਵਿਚ ਛੋਟੇ-ਛੋਟੇ 'ਅਣੂਆਂ'(Atoms) ਵਾਂਗ ਹਨ ਜੋ ਵਿਖਾਈ ਨਹੀਂ ਦਿੰਦੀਆਂ ਪਰ ਇਹ ਸਾਡੀ ਸ਼ਖ਼ਸੀਅਤ ਉੱਪਰ ਡੂੰਘਾ ਅਸਰ ਪਾਉਂਦੀਆਂ ਹਨ। ਅਣੂ ਮਿਲ ਕੇ ਜਿਵੇਂ ਇਕ ਵੱਡੇ ਯੂਨਿਟ 'ਮੌਲੀਕਿਊਲ' (Molecule) ਦਾ ਰੂਪ ਧਾਰਨ ਕਰ ਲੈਂਦੇ ਹਨ, ਏਸੇ ਤਰ੍ਹਾਂ ਸਾਡੀਆਂ ਆਦਤਾਂ ਵੀ ਮਿਲ ਕੇ ਸਾਡੀ ਸਮੁੱਚੀ ਸ਼ਖ਼ਸੀਅਤ ਦਾ ਪ੍ਰਤੀਕ ਬਣ ਜਾਂਦੀਆਂ ਹਨ। ਜੇਮਜ਼ ਕਲੀਅਰ ਨੇ ਛੋਟੀਆਂ-ਛੋਟੀਆਂ ਆਦਤਾਂ ਨੂੰ 'ਐਟੌਮਿਕ ਹੈਬਿਟਸ' (Atomic Habits) ਦਾ ਨਾਂ ਦਿੱਤਾ ਹੈ। ਉਸ ਦੇ ਅਨੁਸਾਰ ਇਹ ਅਣੂ-ਆਦਤਾਂ (ਐਟੌਮਿਕ ਹੈਬਿਟਸ) ਬੜੀਆਂ ਹੀ ਸੂਖ਼ਮ ਪਰ ਬੜੀਆਂ ਤਾਕਤਵਰ ਹੁੰਦੀਆਂ ਹਨ। ਸ਼ੁਰੂ-ਸ਼ੁਰੂ ਵਿਚ ਇਹ ਬੜੀਆਂ ਮਾਮੂਲੀ ਜਿਹੀਆਂ ਲੱਗਦੀਆਂ ਹਨ ਅਤੇ ਕਾਫ਼ੀ ਕਮਜ਼ੋਰ ਜਾਪਦੀਆਂ ਹਨ, ਪਰ ਫਿਰ ਇਹ ਆਪਸ ਵਿਚ ਜਮ੍ਹਾਂ ਅਤੇ ਜ਼ਰਬ (ਗੁਣਾ) ਹੋ ਕੇ ਕਈ ਗੁਣਾਂ ਸ਼ਕਤੀਸ਼ਾਲੀ ਹੋ ਜਾਂਦੀਆਂ ਹਨ ਅਤੇ ਮਨੁੱਖ ਦੇ ਸੁਭਾਅ ਅਤੇ ਉਸ ਦੀ ਸ਼ਖ਼ਸੀਅਤ ਦਾ ਅਹਿਮ ਅੰਗ ਬਣ ਜਾਂਦੀਆਂ ਹਨ।

ਮਨੁੱਖੀ ਆਦਤਾਂ ਨੂੰ ਬਦਲਣ ਲਈ ਚਾਰ ਨਿਯਮ

ਮਨੁੱਖੀ ਆਦਤਾਂ ਨੂੰ ਬਦਲਣ ਲਈ ਜਿਨ੍ਹਾਂ ਵਿਚ ਚੰਗੀਆਂ ਆਦਤਾਂ ਨੂੰ ਅਪਨਾਉਣਾ ਅਤੇ ਮਾੜੀਆਂ ਆਦਤਾਂ ਨੂੰ ਤਿਆਗਣਾ ਸ਼ਾਮਲ ਹੈ, ਦੇ ਲਈ ਜੇਮਜ਼ ਕਲੀਅਰ ਨੇ ਚਾਰ ਨਿਯਮ ਦੱਸੇ ਹਨ ਅਤੇ ਇਹ ਚਾਰੇ ਹੀ ਬੜੇ ਮਹੱਤਵਪੂਰਨ ਹਨ।

ਆਓ! ਇਨ੍ਹਾਂ ਦੇ ਬਾਰੇ ਸੰਖੇਪ ਜਿਹੀ ਵਿਚਾਰ ਕਰਦੇ ਹਾਂ।

ਪਹਿਲਾ ਨਿਯਮ ਹੈ, ਕੋਈ ਵੀ ਕੰਮ ਕਰਨ ਲਈ ਮਨ ਬਣਾਉਣਾ ਅਤੇ ਇਸ ਪਹਿਲੇ ਨਿਯਮ ਨੂੰ ਉਸ ਨੇ ਚਾਰ ਪੜਾਆਂ ਵਿਚ ਵੰਡਿਆ ਹੈ:

1. ਖ਼ਿਆਲ ਮਨ ਵਿਚ ਆਉਣਾ
2. ਮਨ ਵਿਚ ਚਾਹਤ ਪੈਦਾ ਹੋਣੀ
3. ਚਾਹਤ ਦਾ ਮਨ ਅਤੇ ਸਰੀਰ 'ਤੇ ਅਸਰ ਹੋਣਾ
4. ਹੋਏ ਅਸਰ ਦਾ ਇਨਾਮ ਮਿਲਣਾ

ਕੋਈ ਵੀ ਚੰਗਾ ਜਾਂ ਮਾੜਾ ਕੰਮ ਕਰਨ ਲਈ ਸੱਭ ਤੋਂ ਪਹਿਲਾਂ ਇਸ ਦਾ ਖ਼ਿਆਲ ਸਾਡੇ ਮਨ (ਦਿਮਾਗ਼) ਵਿਚ ਆਉਂਦਾ ਹੈ ਕਿ ਮੈਂ ਇਹ ਕੰਮ ਕਰਨਾ ਹੈ। ਆਮ ਪ੍ਰਚੱਲਤ ਭਾਸ਼ਾ ਵਿਚ ਇਸ ਨੂੰ 'ਫੁਰਨਾ' ਵੀ ਕਿਹਾ ਜਾ ਸਕਦਾ ਹੈ। ਅੰਗਰੇਜ਼ੀ ਭਾਸ਼ਾ ਵਿਚ ਇਸ ਦਾ ਸਮਾਨਅੰਤਰ ਸ਼ਬਦ 'ਕਿਊ' (ਛੁਏ) ਹੈ ਜਿਸ ਨੂੰ ਵਿਗਿਆਨਕ ਭਾਸ਼ਾ ਵਿਚ 'ਸਟਿਮੁਲੱਸ' (ਟਮਿੁਲੁਸ) ਕਿਹਾ ਜਾਂਦਾ ਹੈ ਅਤੇ ਮਨੋਵਿਗਿਆਨਕ ਭਾਸ਼ਾ ਵਿਚ 'ਉਤਸ਼ਾਹੀ-ਇਸ਼ਾਰੇ' (Exciting Actions) ਦਾ ਨਾਂ ਵੀ ਦਿੱਤਾ ਜਾ ਸਕਦਾ ਹੈ। ਸਾਡਾ ਦਿਮਾਗ਼ ਸੋਚਾਂ ਦੀ ਮਸ਼ੀਨ ਹੈ। ਇਸ ਵਿਚ ਤਰ੍ਹਾਂ ਤਰ੍ਹਾਂ ਦੀਆਂ ਸੋਚਾਂ ਜਨਮ ਲੈਂਦੀਆਂ ਹਨ। ਰਾਤ ਨੂੰ ਸੁੱਤੇ ਪਿਆਂ ਵੀ ਸੁਪਨਿਆਂ ਵਿਚ ਅਚੇਤ ਮਨ ਵਿਚ ਘੁੰਮਦੀਆਂ ਰਹਿੰਦੀਆਂ ਹਨ। ਇਸ ਖ਼ਿਆਲ ਦਾ ਚਾਹਤ ਵਿਚ ਬਦਲਣਾ ਸਾਡੇ ਦਿਮਾਗ਼ ਦੇ ਵੱਖ-ਵੱਖ ਹਿੱਸਿਆਂ ਵਿਚ ਚੱਲ ਰਹੇ ਵੱਖ-ਵੱਖ ਹਾਰਮੋਨਾਂ (Hormones) ਅਤੇ ਰਸਾਇਣ-ਪਦਾਰਥਾਂ (Chemicals) ਦੇ ਕਾਰਨ ਹੈ।

ਦੂਸਰੇ ਨਿਯਮ ਵਿਚ ਜੇਮਜ਼ ਕਲੀਅਰ ਵੱਲੋਂ ਚੰਗੀਆਂ ਆਦਤਾਂ ਨੂੰ ਦਿਲਕਸ਼, ਭਾਵ ਮਨ-ਭਾਉਂਦੀਆਂ ਬਣਾਉਣ ਅਤੇ ਮਾੜੀਆਂ ਆਦਤਾਂ ਨੂੰ ਨਫ਼ਰਤਯੋਗ ਬਣਾਉਣ ਦੀ ਗੱਲ ਕੀਤੀ ਗਈ ਹੈ। ਆਦਤ ਜਿੰਨੀ ਮਨ-ਭਾਉਂਦੀ ਹੋਵੇਗੀ, ਉਸ ਨੂੰ ਅਪਨਾਉਣ ਵਿਚ ਓਨਾ ਹੀ ਘੱਟ ਸਮਾਂ ਲੱਗੇਗਾ। ਮਾੜੀ ਆਦਤ ਛੱਡਣ ਲਈ ਇਸ ਦਾ ਓਨਾ ਹੀ ਨਫ਼ਰਤਯੋਗ ਹੋਣਾ ਜ਼ਰੂਰੀ ਹੈ। ਸਾਡੇ ਦਿਮਾਗ਼ ਵਿਚ ਖ਼ਾਸ ਕਿਸਮ ਦੇ ਰਸਾਇਣ 'ਡੋਪਾਮੀਨ' (ਧੋਪਅਮਨਿੲ) ਦੀ ਵੱਧ ਜਾਂ ਘੱਟ ਮਾਤਰਾ ਦਾ ਰਿਸਣਾ ਇਨ੍ਹਾਂ ਆਦਤਾਂ ਦੇ ਜਲਦੀ ਜਾਂ ਦੇਰੀ ਨਾਲ ਅਪਨਾਉਣ ਜਾਂ ਛੱਡਣ ਵਿਚ ਆਪਣਾ ਭਰਪੂਰ ਯੋਗਦਾਨ ਪਾਉਂਦਾ ਹੈ।

ਆਦਤਾਂ ਨੂੰ ਬਦਲਣ ਵਿਚ ਪਰਿਵਾਰ ਦਾ ਵੀ ਵੱਡਾ ਯੋਗਦਾਨ ਹੈ। ਇਸ ਦੁਨੀਆਂ ਦੇ ਛੋਟੇ ਜਿਹੇ ਦੇਸ਼ ਹੰਗਰੀ ਦੇ ਇਕ ਵੱਡੇ ਵਿਦਵਾਨ ਲੈਜ਼ਲੋ ਪੋਲਗਰ ਦਾ ਕਹਿਣਾ ਹੈ,"ਕੋਈ ਵੀ ਵਿਦਵਾਨ ਉਸ ਦੇ ਜਨਮ ਤੋਂ ਨਹੀਂ ਹੁੰਦਾ, ਪ੍ਰੰਤੂ ਇੰਜ ਦਾ ਉਸ ਨੂੰ ਪੜ੍ਹਾ-ਲਿਖਾ ਕੇ ਅਤੇ ਸਿਖਲਾਈ ਦੇ ਕੇ ਬਣਾਇਆ ਜਾਂਦਾ ਹੈ।" (A genius is not born, but is educated and trained) । ... ਤੇ ਇਸ ਸਾਰੇ ਕੁਝ ਵਿਚ ਉਸ ਦੇ ਪਰਿਵਾਰ ਦੀ ਬੜੀ ਵੱਡੀ ਭੂਮਿਕਾ ਹੁੰਦੀ ਹੈ ਜਿੱਥੇ ਉਸ ਦੀ ਪੜ੍ਹਾਈ ਦਾ ਅਤੇ ਅਗਲੇਰੀ ਲੋੜੀਂਦੀ ਟ੍ਰੇਨਿੰਗ ਦਾ ਪ੍ਰਬੰਧ ਕੀਤਾ ਜਾਂਦਾ ਹੈ। ਜਿਸ ਵਾਤਾਵਰਣ ਅਤੇ ਸੱਭਿਆਚਾਰ ਵਿਚ ਉਹ ਵਿਚਰਦਾ ਹੈ, ਉਸ ਦਾ ਵੀ ਉਸ ਦੇ ਮਨ 'ਤੇ ਡੂੰਘਾ ਅਸਰ ਹੁੰਦਾ ਹੈ, ਕਿਉਂਕਿ ਉਹ ਸਮਾਜ ਵਿਚ ਰਹਿੰਦਿਆਂ ਹੋਇਆਂ ਦੋਸਤਾਂ-ਮਿੱਤਰਾਂ, ਗਵਾਂਢੀਆਂ ਅਤੇ ਆਲੇ-ਦੁਆਲੇ ਤੋਂ ਬੜਾ ਕੁਝ ਸਿੱਖਦਾ ਹੈ।

ਆਸੇ-ਪਾਸੇ ਦਾ ਮਾਹੌਲ ਅਤੇ ਵਾਤਾਵਰਣ ਇਸ ਵਿਚ ਆਪਣੀ ਅਹਿਮ ਭੂਮਿਕਾ ਨਿਭਾਉਂਦਾ ਹੈ। ਮਨੁੱਖ ਆਲੇ-ਦੁਆਲੇ ਦੀ ਸੰਗਤ ਤੋਂ ਬੜਾ ਕੁਝ ਸਿੱਖਦਾ ਹੈ। ਪੰਜਾਬੀ ਵਿਚ ਆਮ ਕਹਾਵਤ ਪ੍ਰਚੱਲਤ ਹੈ, "ਜਿਹੀ ਸੰਗਤ, ਤਿਹੀ ਰੰਗਤ", ਭਾਵ ਜਿਨ੍ਹਾਂ ਲੋਕਾਂ ਨਾਲ ਮਨੁੱਖ ਦਾ ਮੇਲ-ਜੋਲ ਹੈ, ਉਸ ਦਾ ਅਸਰ ਉਸ ਮਨੁੱਖ 'ਤੇ ਜ਼ਰੂਰ ਹੁੰਦਾ ਹੈ ਅਤੇ ਇਹ ਸੰਗਤ ਚੰਗੀ ਅਤੇ ਮਾੜੀ ਦੋਹਾਂ ਤਰ੍ਹਾਂ ਦੀ ਹੀ ਹੋ ਸਕਦੀ ਹੈ। ਫਿਰ ਸੰਗਤ ਜ਼ਰੂਰੀ ਨਹੀਂ ਕਿ ਮਨੁੱਖੀ ਰੂਪ ਵਿਚ ਹੀ ਹੋਵੇ, ਇਹ ਆਲੇ-ਦੁਆਲੇ ਪਈਆਂ ਚੀਜ਼ਾਂ-ਵਸਤਾਂ, ਪੁਸਤਕਾਂ, ਖੇਣ-ਮੱਲਣ ਦੇ ਸਮਾਨ ਅਤੇ ਮਨੋਰੰਜਨ ਦੇ ਸਾਧਨਾਂ ਦੇ ਰੂਪ ਵਿਚ ਵੀ ਹੋ ਸਕਦੀ ਹੈ। ਵੇਖਣ ਵਿਚ ਆਇਆ ਹੈ ਕਿ ਚੰਗੀ ਸੰਗਤ ਨਾਲੋਂ ਮਾੜੀ ਸੰਗਤ ਦਾ ਅਸਲ ਬੜੀ ਜਲਦੀ ਹੁੰਦਾ ਅਤੇ ਇਹ ਹੁੰਦਾ ਵੀ ਵਧੇਰੇ ਤੀਬਰਤਾ ਨਾਲ ਹੈ। ਚੰਗੀਆਂ ਆਦਤਾਂ ਸਿੱਖਣ ਲਈ ਆਲੇ-ਦੁਆਲੇ ਦਾ ਮਾਹੌਲ ਖ਼ੁਸ਼ਗੁਆਰ ਹੋਣਾ ਚਾਹੀਦਾ ਹੈ, ਕਿਉਂਕਿ ਮਾੜਾ ਮਾਹੌਲ ਹਮੇਸ਼ਾ ਮਾੜੀਆਂ ਆਦਤਾਂ ਨੂੰ ਹੀ ਜਨਮ ਦਿੰਦਾ ਹੈ। ਮਨ ਵਿਚ ਉਪਜੀ ਕਿਸੇ ਵੀ ਚਾਹਤ ਦਾ ਸਾਡੇ ਸਰੀਰ 'ਤੇ ਡੂੰਘਾ ਅਸਰ ਹੁੰਦਾ ਹੈ ਅਤੇ ਉਹ ਅੱਗੋਂ ਉਸ ਚਾਹਤ ਨੂੰ ਅਮਲੀ ਜਾਮਾ ਪਹਿਨਾਉਣ ਦੀ ਕੋਸ਼ਿਸ਼ ਕਰਦਾ ਹੈ। ਮਨ ਅਤੇ ਸਰੀਰ ਉੱਪਰ ਹੋਏ ਇਸ ਅਸਰ ਦਾ ਇਨਾਮ (ਪ੍ਰਭਾਵ) ਵੀ ਉਸ ਨੂੰ ਮਿਲਣ ਦੀ ਪੂਰੀ ਸੰਭਾਵਨਾ ਬਣਦੀ ਹੈ।

ਤੀਸਰੇ ਨਿਯਮ ਵਿਚ ਜੇਮਜ਼ ਨੇ ਮਨੁੱਖ ਨੂੰ ਚੰਗੀਆਂ ਆਦਤਾਂ ਨੂੰ ਆਸਾਨ ਬਣਾਉਣ ਅਤੇ ਮਾੜੀਆਂ ਨੂੰ ਮੁਸ਼ਕਲ ਕਰਾਰ ਦੇਣ ਦੀ ਗੱਲ ਕੀਤੀ ਹੈ। ਇਸ ਦੇ ਲਈ ਉਹ ਆਪਣੀ ਮੰਜ਼ਲ ਵੱਲ ਹੌਲੀ-ਹੌਲੀ ਅੱਗੇ ਵੱਧਣ ਅਤੇ ਪਿੱਛੇ ਮੁੜ ਕੇ ਨਾ ਵੇਖਣ ਦੀ ਸਲਾਹ ਦਿੰਦਾ ਹੈ। ਮਨੁੱਖ ਦਾ ਕੇਂਦਰ-ਬਿੰਦੂ 'ਕਰਮ' (Action) ਹੋਣਾ ਚਾਹੀਦਾ ਹੈ, ਨਾ ਕਿ 'ਚੱਲਣ ਦੀ ਤਿਆਰੀ ਵਿਚ' (ਭਏਨਿਗ ਨਿ ਮੋਟੋਨਿ)। ਕਿਸੇ ਵੀ ਚੰਗੀ ਆਦਤ ਨੂ ਅਪਨਾਉਣ ਤੋਂ ਬਾਅਦ ਇਸ ਦੇ ਲਈ ਅਭਿਆਸ ਜ਼ਰੂਰੀ ਹੈ। ਬਾਰ-ਬਾਰ ਅਭਿਆਸ ਕਰਨ ਤੋਂ ਬਾਅਦ ਹੀ ਉਹ ਆਦਤ ਪੱਕ ਜਾਂਦੀ ਹੈ ਅਤੇ ਸਾਡੇ ਸੁਭਾਅ ਦਾ ਅੰਗ ਬਣ ਜਾਂਦੀ ਹੈ। ਮਨੁੱਖੀ ਸੁਭਾਅ ਹੈ ਕਿ ਉਹ ਥੋੜ੍ਹੀ ਜਿਹੀ ਮਿਹਨਤ ਨਾਲ ਬਹੁਤਾ ਕੁਝ ਹਾਸਲ ਕਰਨਾ ਚਾਹੁੰਦਾ ਹੈ ਅਤੇ ਇਸ ਦੇ ਲਈ ਉਹ 'ਛੋਟੇ-ਰਸਤੇ' (Short-Cuts) ਅਪਨਾਉਂਦਾ ਹੈ। ਪਰ ਜ਼ਰੂਰੀ ਨਹੀ ਕਿ ਇਹ ਛੋਟੇ ਰਸਤੇ ਉਸ ਨੂੰ ਸਫ਼ਲਤਾ ਵੱਲ ਲਿਜਾਣ ਵਿਚ ਸਹਾਈ ਹੋਣ ਅਤੇ ਬਹੁਤੀ ਵਾਰ ਇਹ ਸਹੀ ਸਾਬਤ ਨਹੀਂ ਹੁੰਦੇ।

ਆਪਣੇ ਨਿੱਜੀ ਤਜਰਬੇ ਤੋਂ ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਹੌਲੀ-ਹੌਲੀ ਅੱਗੇ ਵੱਧ ਕੇ ਹੀ ਸਫ਼ਲਤਾ ਦੀ ਪੌੜੀ ਦੇ ਉੱਪਰਲੇ ਡੰਡੇ ਵੱਲ ਵਧਿਆ ਜਾ ਸਕਦਾ ਹੈ। ਮੈਂ ਆਪਣੀ ਸਵੇਰ ਦੀ ਸੈਰ ਦੋ ਕਿਲੋ ਮੀਟਰ ਤੋਂ ਸ਼ੁਰੂ ਕੀਤੀ ਅਤੇ ਕਈ ਮਹੀਨੇ ਇਹ ਦੋ ਕਿਲੋ ਮੀਟਰ ਹੀ ਚੱਲਦੀ ਰਹੀ। ਫਿਰ ਆਪਣੇ ਮਨ ਨਾਲ ਫ਼ੈਸਲਾ ਕਰਕੇ ਮੈਂ ਇਸ ਨੂੰ ਪਹਿਲਾਂ ਚਾਰ ਅਤੇ ਫਿਰ ਪੰਜ ਕਿਲੋਮੀਟਰ ਤੱਕ ਵਧਾਇਆ। ਹੌਲੀ-ਹੌਲੀ ਇਸ ਨੂੰ ਹੋਰ ਵਧਾ ਕੇ ਮੈਂ ਇਸ ਸੈਰ ਤੇ ਹਲਕੀ ਦੌੜ ਨੂੰ 10 ਕਿਲੋਮੀਟਰ ਤੱਕ ਲਿਜਾਣ ਵਿਚ ਸਫ਼ਲ ਹੋਇਆ ਹਾਂ। ਬੇਸ਼ਕ, ਇਸ ਵਿਚ ਮੇਰੇ ਆਪਣੇ ਫ਼ੈਸਲਿਆਂ ਦੇ ਨਾਲ ਇੱਥੇ ਪਿਛਲੇ ਬਰੈਂਪਟਨ ਵਿਚ 6-7 ਸਾਲਾਂ ਤੋਂ ਵਿਚਰ ਰਹੀ ਰੱਨਰਜ਼ ਕਲੱਬ 'ਟੀ.ਪੀ.ਏ.ਆਰ. ਕਲੱਬ' (ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ) ਦੇ ਕੁਝ ਮੈਂਬਰ-ਦੋਸਤਾਂ ਵੱਲੋਂ ਮਿਲੀ ਹੱਲਾਸ਼ੇਰੀ ਅਤੇ ਹੌਸਲਾ-ਅਫ਼ਜ਼ਾਈ ਦਾ ਵੀ ਪੂਰਾ ਹੱਥ ਹੈ ਜਿਨ੍ਹਾਂ ਵਿੱਚੋਂ ਕਈਆਂ ਨੇ ਇਹ ਸੈਰ ਤੇ ਦੌੜ ਮੇਰੇ ਵਾਂਗ ਦੋ ਕਿਲੋਮੀਟਰ ਤੋਂ ਸ਼ੁਰੂ ਕੀਤੀ ਅਤੇ ਉਹ ਇਸ ਨੂੰ 'ਹਾਫ਼-ਮੈਰਾਥਨ' ਤੱਕ ਲੈ ਗਏ।

ਚੌਥੇ ਨਿਯਮ ਵਿਚ ਜੇਮਜ਼ ਕਲੀਅਰ ਵੱਲੋਂ ਚੰਗੀਆਂ ਆਦਤਾਂ ਨੂੰ ਤਸੱਲੀ-ਪੂਰਵਕ ਬਣਾਉਣ ਅਤੇ ਮਾੜੀਆਂ ਨੂੰ ਤਸੱਲੀ-ਰਹਿਤ ਕਰਾਰ ਦੇਣ ਦੀ ਗੱਲ ਕੀਤੀ ਗਈ ਹੈ। ਮਾੜੀਆਂ ਆਦਤਾਂ ਸ਼ੁਰੂ-ਸ਼ੁਰੂ ਵਿਚ ਸਾਨੂੰ ਬੜੀਆਂ ਚੰਗੀਆਂ ਲੱਗਦੀਆਂ ਹਨ ਪਰ ਅੱਗੇ ਜਾ ਕੇ ਕੁਝ ਸਮੇਂ ਬਾਅਦ ਇਨ੍ਹਾਂ ਦਾ ਮਾੜਾ ਪੱਖ ਸਾਡੇ ਸਾਹਮਣੇ ਆਉਣ ਲੱਗਦਾ ਹੈ ਅਤੇ ਫਿਰ ਇਹ ਸਾਨੂੰ ਭੈੜੀਆਂ ਲੱਗਣ ਲੱਗਦੀਆਂ ਹਨ। ਅਸੀਂ ਮਾੜੀਆਂ ਆਦਤਾਂ ਨੂੰ ਕਿਉਂ ਦੁਹਰਾਉਂਦੇ ਹਾਂ? ਉਹ ਇਸ ਲਈ ਕਿ ਸਾਨੂੰ ਇਨ੍ਹਾਂ ਵਿੱਚੋਂ ਵਕਤੀ ਖ਼ੁਸ਼ੀ ਹਾਸਲ ਹੁੰਦੀ ਹੈ। ਇਹ ਸਦੀਵੀ ਨਹੀਂ ਹੈ। ਚੰਗੀਆਂ ਆਦਤਾਂ ਦਾ ਵਰਤਾਰਾ ਇਸ ਦੇ ਉਲਟ ਹੈ। ਇਹ ਸ਼ੁਰੂ ਵਿਚ ਸਾਨੂੰ ਔਖੀਆਂ ਜਾਪਦੀਆਂ ਹਨ ਪਰ ਬਾਅਦ ਵਿਚ ਜਦੋਂ ਇਨ੍ਹਾਂ ਦੀ ਚੰਗਿਆਈ ਸਾਡੇ ਸਾਹਮਣੇ ਆਉਣ ਲੱਗਦੀ ਹੈ ਤਾਂ ਹੌਲੀ-ਹੌਲੀ ਇਹ ਸਾਡੇ ਜੀਵਨ ਦਾ ਅੰਗ ਬਣ ਜਾਂਦੀਆਂ ਹਨ। ਮਿਸਾਲ ਵਜੋਂ, ਕਾਰ ਵਿਚ ਸਫ਼ਰ ਕਰਨ ਲਈ ਸੀਟ-ਬੈੱਲਟ ਪਹਿਨਣ ਦਾ ਨਿਯਮ ਸੱਭ ਤੋਂ ਪਹਿਲਾਂ ਅਮਰੀਕਾ ਦੇ ਸ਼ਹਿਰ ਨਿਊ ਯੌਰਕ ਵਿਚ 1 ਦਸੰਬਰ 1984 ਨੂੰ ਪਾਸ ਕੀਤਾ ਗਿਆ ਅਤੇ ਉਦੋਂ ਅਮਰੀਕਾ ਵਿਚ ਕੇਵਲ 14% ਲੋਕਾਂ ਨੇ ਇਸ ਦੀ ਪਾਲਣਾ ਕੀਤੀ। ਲੋਕ ਇਸ ਨੂੰ ਵਾਧੂ ਜਿਹਾ ਵਰਤਾਰਾ (ਝੰਜਟ) ਹੀ ਸਮਝਦੇ ਸਨ। ਪੰਜਾਂ ਸਾਲਾਂ ਬਾਅਦ ਅਮਰੀਕਾ ਦੀ ਅੱਧੀ ਤੋਂ ਵਧੇਰੇ ਵਸੋਂ ਨੇ ਇਸ ਨੂੰ ਸਹੀ ਸਮਝਦਿਆਂ ਹੋਇਆਂ ਮੰਨਣਾ ਸ਼ੁਰੂ ਕਰ ਦਿੱਤਾ। ਹੁਣ ਇਹ ਨਿਯਮ ਦੁਨੀਆਂ-ਭਰ ਦੇ ਦੇਸ਼ਾਂ ਵਿਚ ਸਖ਼ਤੀ ਨਾਲ ਲਾਗੂ ਕੀਤਾ ਜਾਂਦਾ ਹੈ ਅਤੇ ਇਸ ਨੂੰ ਨਾ ਮੰਨਣ ਵਾਲਿਆਂ ਨੂੰ ਭਾਰੀ ਜੁਰਮਾਨੇ ਕੀਤੇ ਜਾਂਦੇ ਹਨ।

ਮਨੁੱਖ ਵਿਚ ਚੰਗੀਆਂ ਆਦਤਾਂ ਦਾ ਹੋਣਾ ਜ਼ਰੂਰੀ ਹੈ ਪਰ ਇਹ ਸੱਭ ਕੁਝ ਨਹੀਂ ਹੈ, ਸਗੋਂ ਇਨ੍ਹਾਂ ਵਿਚ ਮੁਹਾਰਤ ਹਾਸਲ ਕਰਨਾ ਵਧੇਰੇ ਮਹੱਤਵਪੂਰਨ ਹੈ। ਉਂਜ ਵੀ ਕਿਸੇ ਵੀ ਕੰਮ ਵਿਚ ਮੁਹਾਰਤ ਹਾਸਲ ਕਰਨ ਲਈ ਉਸ ਦੀ ਆਦਤ ਪਾਉਣਾ ਅਤੇ ਉਸ ਦਾ ਅਭਿਆਸ ਕਰਨਾ ਦੋਵੇਂ ਹੀ ਮਹੱਤਵਪੂਰਨ ਪੱਖ ਹਨ। ਇਨ੍ਹਾਂ ਦੋਹਾਂ ਦਾ ਸੁਮੇਲ ਮੁਹਾਰਤ ਵੱਲ ਪੁੱਟੇ ਜਾ ਰਹੇ ਕਦਮਾਂ ਦੀ ਗਵਾਹੀ ਭਰਦਾ ਹੈ।

ਆਦਤਾਂ + ਲੋੜੀਂਦਾ ਅਭਿਆਸ = ਮੁਹਾਰਤ

( Habits + Delibrate Practice = Mastery)

ਮਨੁੱਖ ਦੀਆਂ ਚੰਗੀਆਂ ਅਤੇ ਮਾੜੀਆਂ ਆਦਤਾਂ ਬਾਰੇ ਸ੍ਰੀ ਗੁਰ ਗ੍ਰੰਥ ਸਾਹਿਬ ਵਿਚ ਦਰਜ ਗੁਰਬਾਣੀ ਵਿਚ ਗੁਣ ਅਤੇ ਅਵਗੁਣ ਸ਼ਬਦਾਂ ਦਾ ਜ਼ਿਕਰ ਆਉਂਦਾ ਹੈ। ਗੁਰੂ ਸਾਹਿਬਾਨ ਅਤੇ ਕਈ ਮਹਾਂ-ਪੁਰਖਾਂ ਨੇ ਸਾਨੂੰ ਚੰਗੀਆਂ ਆਦਤਾਂ ਨੂੰ 'ਗੁਣ' ਤੇ ਮਾੜੀਆਂ ਨੂੰ 'ਅਵਗੁਣ' ਦਾ ਦਰਜਾ ਦਿੱਤਾ ਹੈ ਅਤੇ ਸਾਨੂੰ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਵਰਗੇ ਔਗੁਣਾਂ ਤੋਂ ਦੂਰ ਰਹਿ ਕੇ ਨੇਕੀ ਕਰਨ, ਸਰਬੱਤ ਦਾ ਭਲਾ ਚਾਹੁਣ ਅਤੇ ਪ੍ਰਮਾਤਮਾ ਦਾ ਨਾਂ ਲੈਣ ਵਾਲੇ ਗੁਣ ਅਪਨਾਉਣ ਦੀ ਪ੍ਰੇਰਨਾ ਕੀਤੀ ਹੈ।

ਗੁਰਵਾਕ ਹਨ:

ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰ ਅਵਗੁਣ ਪਛੁਤਾਹੀ ਜੀਉ।। (ਸ੍ਰੀ ਰਾਗ, ਮਹਲਾ ਪਹਿਲਾ, ਅੰਗ 598)

ਲੋਕ ਅਵਗੁਣਾ ਕੀ ਬੰਨੈ ਗੰਠੜੀ ਗੁਣ ਨਾ ਵਿਹਾਝੇ ਕੋਇ।
ਗੁਣ ਕਾ ਗਾਹਕੁ ਨਾਨਕਾ ਵਿਰਲਾ ਕੋਈ ਹੋਇ।। (ਮਹਲਾ ਤੀਜਾ, ਅੰਗ 1092)

ਇਸ ਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਕੌੜਾ ਬੋਲਣ ਵਰਗੀ ਮਾੜੀ ਆਦਤ ਬਾਰੇ ਫ਼ਰਮਾਉਂਦੇ ਹਨ:

ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਇ।। (ਆਸਾ ਦੀ ਵਾਰ, ਮਹਲਾ ਪਹਿਲਾ, ਅੰਗ 473)

ਬਾਬਾ ਫ਼ਰੀਦ ਜੀ ਵੀ ਆਪਣੇ ਇਕ ਸਲੋਕ ਵਿਚ ਮਾੜੀਆਂ ਆਦਤਾਂ (ਕੰਮ) ਤਿਆਗਣ ਲਈ ਕਹਿੰਦੇ ਹਨ:

ਫ਼ਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ।
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ।। (ਸਲੋਕ 59, ਫਰੀਦ ਜੀ, ਅੰਗ 1381)

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਮਨ ਵਿਚ ਇੱਛਾ ਸ਼ਕਤੀ ਪੈਦਾ ਕਰਕੇ ਜੇਕਰ ਅਸੀ ਆਪਣੀ ਕੋਈ ਆਦਤ ਬਦਲਣੀ ਚਾਹੀਏ ਅਤੇ ਉਸ ਦੇ ਲਈ ਲੋੜੀਂਦਾ ਅਭਿਆਸ ਕਰੀਏ ਤਾਂ ਉਸ ਨੂੰ ਬਦਲਿਆ ਵੀ ਜਾ ਸਕਦਾ ਹੈ। ਗੁਰਬਾਣੀ ਅਤੇ ਕਈ ਮਹਾਂ-ਪੁਰਖਾਂ ਦੇ ਕਥਨ ਵੀ ਇਸ ਦੇ ਲਈ ਸਾਡੀ ਅਗਵਾਈ ਕਰਦੇ ਹਨ। ਇਹ ਵੀ ਵੇਖਣ ਵਿਚ ਆਇਆ ਹੈ ਕਿ ਜਵਾਨੀ ਵੇਲੇ ਕਈ ਕਿਸਮ ਦਾ ਨਸ਼ਾ ਕਰਨ ਵਾਲੇ ਕਈ ਮਨੁੱਖ ਮਗਰਲੀ ਉਮਰੇ ਜਾ ਕੇ ਆਪਣੀ ਇੱਛਾ ਸ਼ਕਤੀ ਨਾਲ ਇਹ ਨਸ਼ੇ ਤਿਆਗ ਵੀ ਦਿੰਦੇ ਹਨ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਪ੍ਰਭੂ-ਭਗਤੀ ਵਾਲੇ ਮਾਰਗ ਵੱਲ ਤੁਰ ਪੈਂਦੇ ਹਨ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਮੀਆਂ ਵਾਰਸ ਸ਼ਾਹ ਹੋਰਾਂ ਦਾ ਇਸ ਆਰਟੀਕਲ ਦੇ ਆਰੰਭ ਵਿਚ ਦਿੱਤਾ ਗਿਆ ਕਥਨ 'ਭਾਵੇਂ ਕੱਟੀਏ ਪੋਰੀਆਂ-ਪੋਰੀਆਂ ਜੀ' ਹਰੇਕ ਮਨੁੱਖ ਉੱਪਰ ਲਾਗੂ ਨਹੀਂ ਹੁੰਦਾ, ਸਗੋਂ ਇਸ ਦੇ ਉਲਟ ਜੇਮਜ਼ ਕਲੀਅਰ ਦੇ ਆਦਤਾਂ ਬਦਲਣ ਲਈ ਦਿੱਤੇ ਗਏ ਚਾਰ ਨਿਯਮ ਵੀ ਸਾਰਥਿਕ ਸਾਬਤ ਹੋ ਸਕਦੇ ਹਨ।

ਫਿਰ ਤਾਂ ਇਹ ਵੀ ਕਿਹਾ ਜਾ ਸਕਦਾ ਹੈ:

"ਮਨੁੱਖੀ ਆਦਤਾਂ ਬਦਲੀਆਂ ਜਾ ਸਕਦੀਆਂ ਨੇ, ਜੇਕਰ ਬਦਲਣ ਦੀ

# ਨਿਆਂ ਅਤੇ ਅਨਿਆਂ ਵਿਚਲਾ ਫਾਸਲਾ

-ਓਮ ਪ੍ਰਕਾਸ਼ ਗਾਸੋ-

ਸਿਆਸਤ, ਸਮਾਂ ਅਤੇ ਸਮਾਜ ਇਤਿਹਾਸਕ ਅੱਖਰਾਂ ਨੂੰ ਪੈਦਾ ਕਰਨ ਵਾਲੀਆਂ ਸਮਰੱਥ ਸ਼ਕਤੀਆਂ ਹੁੰਦੀਆਂ ਹਨ। ਸਮਰੱਥ ਸ਼ਕਤੀ ਵੱਲੋਂ ਸਹਿਜ ਕਿਸਮ ਦਾ ਵਾਤਾਵਰਣ ਉਤਪੰਨ ਹੋਣਾ ਚਾਹੀਦਾ ਹੈ। ਅਸਹਿਜ ਹਾਲਤ ਮੰਦ-ਭਾਗੇ ਦੁਖਾਂਤ ਪੈਦਾ ਕਰਦੇ ਰਹਿੰਦੇ ਹਨ। ਮੰਦ-ਭਾਗੀਆਂ ਵਸਤਾਂ ਹਾਲਾਤ ਨੂੰ ਬਦਸ਼ਕਲ ਬਣਾਉਂਦੀਆਂ ਹਨ। ਗੁਰਬਤ ਨੂੰ ਆਰਥਿਕਤਾ ਦੀ ਬਦਸ਼ਕਲੀ ਕਿਹਾ ਜਾ ਸਕਦਾ ਹੈ। ਉਪਰਲੀਆਂ ਸਾਰੀਆਂ ਸਤਰਾਂ ਦਾਰਸ਼ਨਿਕ ਹੋਣ ਦੇ ਨਾਲ-ਨਾਲ ਸੰਸਾਰਕ ਗੱਲਾਂਬਾਤਾਂ ਨੂੰ ਵੀ ਦਰਸਾਉਂਦੀਆਂ ਹਨ। ਆਹ ਆਪਣੇ ਭਾਰਤ ਵਿਚਲੇ ਸੱਤਾਵਾਦੀ ਸਵਾਰਥੀ ਲੋਕ ਆਮ ਲੋਕਾਂ ਲਈ ਔਕੜਾਂ ਪੈਦਾ ਕਰ ਰਹੇ ਹਨ। ਆਮ ਤੌਰ ਉੱਤੇ ਔਕੜਾਂ ਦੇ ਅਰਥ ਸਮਝਣ ਤੋਂ ਲੋਕਾਂ ਨੂੰ ਸਰਮਾਏਦਾਰੀ-ਵਿਗਿਆਪਨਵਾਦ ਉਲਝਾ ਰੱਖਦਾ ਹੈ। ਸੁਲਝੇ ਦਿਮਾਗ, ਜੁਝਾਰੂ ਬਣ ਕੇ ਆਮ ਲੋਕਾਂ ਨਾਲ ਹੁੰਦੀ ਬੇਇਨਸਾਫੀ ਦੇ ਵਿਰੋਧੀ ਪੱਖ ਦੀ ਮਜ਼ਬੂਤੀ ਲਈ ਖੜੋਂਦੇ ਹਨ।

ਇੱਥੇ ਆ ਕੇ ਇਕਦਮ ਕਿਹਾ ਜਾ ਸਕਦਾ ਹੈ ਕਿ ਆਪਣੇ ਭਾਰਤ ਦਾ ਸੂਝਵਾਨ ਕਿਸਾਨ ਬੇਇਨਸਾਫੀ ਦੇ ਵਿਰੋਧ ਦਾ ਵਿਵੇਕ ਹੈ। ਹਿੰਦੀ ਭਾਸ਼ਾ ਦੀ ਕਹਾਵਤ ਹੈ 'ਚੋਰ-ਚੋਰ ਮੌਸੇਰੇ ਭਾਈ'। ਸਰਮਾਏਦਾਰ ਨੂੰ ਜਨ-ਸਾਧਾਰਨ ਦੀ ਮਿਹਨਤ-ਮਜ਼ਦੂਰੀ ਦਾ ਚੋਰ ਕਿਹਾ ਜਾ ਸਕਦਾ ਹੈ। ਆਹ ਚਲਾਕ ਕਿਸਮ ਦੀ ਸਿਆਸਤ ਵੀ ਚੋਰ ਹੁੰਦੀ ਹੈ। ਇੰਝ ਆਹ ਤਿੰਨ ਕਾਨੂੰਨ ਜਿਨ੍ਹਾਂ ਦੀ ਕੇਂਦਰ ਸਰਕਾਰ ਪ੍ਰਸ਼ੰਸਾ ਕਰਦੀ ਥੱਕਦੀ ਨਹੀਂ, ਚੋਰ-ਚੋਰ ਮੌਸੇਰੇ ਭਾਈਆਂ ਦੀ ਭਾਈਵਾਲੀ ਹਨ।

ਉਹ ਸਿਆਸਤ ਲੋਕਤੰਤਰੀ ਨੀਤੀ ਵਾਲੀ ਕਿੱਦਾਂ ਹੋਈ, ਜਿਹੜੀ ਲੋਕਾਂ ਦੀ ਆਵਾਜ਼ ਨੂੰ ਕਿੰਨੇ ਸਮੇਂ ਤੋਂ ਅਣਸੁਣੀ ਕਰ ਰਹੀ ਹੈ। ਲੱਖਾਂ ਕਿਸਾਨ ਬੋਲ ਰਹੇ ਹਨ। ਉਨ੍ਹਾਂ ਦੇ ਬੁਲੰਦ ਬੋਲ ਅਨਿਆਂ ਨੂੰ ਉਲਟਾਉਣਾ ਚਾਹੁੰਦੇ ਹਨ। ਨਿਰਸੰਦੇਹ ਨਿਆਂ ਤੇ ਅਨਿਆਂ ਵਿਚਕਾਰ ਮੁੱਢ ਕਦੀਮੋਂ ਦੋ ਦੋ ਹੱਥ ਹੁੰਦੇ ਆ ਰਹੇ ਹਨ, ਪਰ ਲੋਕਾਂ ਦੀ ਆਵਾਜ਼ ਨੂੰ ਲੋਕਤੰਤਰ ਆਪਣੇ ਅਹਿਸਾਸ ਦਾ ਅੰਗ ਕਿਉਂ ਨਹੀਂ ਬਣਾਉਂਦਾ। ਅਹਿਸਾਸਹੀਣ ਸਿਆਸਤ ਫਿਰਕੂ ਹੁੰਦੀ ਹੈ। ਸ਼ੈਤਾਨੀਅਤ ਵਾਲੇ ਸੰਵਾਦ ਸਮੇਂ ਦੀ ਬਰਬਾਦੀ ਕਰਦੇ ਹਨ। ਤਿਕੜਮਬਾਜ਼ੀਆਂ ਘਾਤਕ ਹੁੰਦੀਆਂ ਹਨ। ਹੇਰ-ਫੇਰ ਵਾਲੇ ਫਿਕਰਿਆਂ ਨਾਲ ਫਿਕਰਮੰਦ ਮਾਹੌਲ ਬਣਦਾ ਹੈ। ਸਮੱਸਿਆ ਸੁਲਝਾਉਣ ਵਾਲੀ ਸੋਚ ਪੱਖਪਾਤੀ ਨਹੀਂ ਹੁੰਦੀ। ਮੋਦੀ ਸਰਕਾਰ ਦੀ ਸਿਆਸੀ ਸੋਚ ਪੱਖਪਾਤੀ ਹੈ। ਇਹ ਸਿਆਸੀ ਸੋਚ ਕਈ ਕਿਸਮਾਂ ਦੇ ਹਨੇਰੇ, ਝੱਖੜ, ਬਦਮਗਜ਼ੀਆਂ ਤੇ ਬੇਅਸੂਲੀਆਂ ਪੈਦਾ ਕਰਦੀ ਹੈ। ਦ੍ਰਿਸ਼ਟੀਹੀਣ ਸੋਚ ਅਸਲੀਅਤ ਨੂੰ ਵੇਖਣੋਂ ਅਸਮਰੱਥ ਬਣੀ ਰਹਿੰਦੀ ਹੈ। ਭਾਰਤ ਦੀ ਧਰਤੀ ਨੂੰ ਸੰਨ ਸੰਤਾਲੀ ਵਿੱਚ ਵੰਡਣਾ ਪੈ ਗਿਆ। ਇਸ ਵੰਡ ਦੇ ਦੁਖਾਂਤ ਨੂੰ ਮੈਂ ਭਰੇ ਮਨ ਅਤੇ ਦੁਖੀ ਦਿਲ ਨਾਲ ਵੇਖਦਾ ਰਿਹਾ ਸਾਂ। ਪੰਜਾਬ ਦੀ ਧਰਤੀ ਲਹੂ-ਲੁਹਾਨ ਹੋਈ ਸੀ। ਮਨੁੱਖਤਾ ਸ਼ਰਮਸਾਰ ਹੋਈ ਸੀ। ਭਾਈਚਾਰਾ ਤਾਰ-ਤਾਰ ਹੋਇਆ ਸੀ।

ਭਾਰਤ ਦੀ ਦੁਖਦਾਈ ਵੰਡ ਲਈ ਅੰਗਰੇਜ਼ ਜ਼ਿੰਮੇਵਾਰ ਸੀ, ਪਰ ਪੱਖਪਾਤੀ ਸਿਆਸਤ ਕਾਰਨ ਪਾਕਿ-ਸਤਾਨ ਪੈਦਾ ਹੋਇਆ ਸੀ। ਆਪਣੇ ਸਾਹਮਣੇ ਵਰਤਮਾਨ ਸਮੇਂ ਦੀ ਸੰਪ੍ਰਦਾਇਕ ਸਿਆਸਤ ਦੀਆਂ ਕੁਚਾਲਾਂ ਟਪੂਸੀਆਂ ਮਾਰ ਰਹੀਆਂ ਹਨ। ਸਿਆਸੀ-ਟਪੂਸੀਆਂ ਨੂੰ ਇਸ ਮੁਲਕ ਦਾ ਸਰਮਾਏਦਾਰ ਮਜ਼ਬੂਤ ਬਣਾ ਰਿਹਾ ਹੈ। ਕਿਸਾਨ ਕਾਮੇ ਹੁੰਦੇ ਹਨ। ਕਿਸਾਨ ਗੱਲ-ਬਾਜ਼ ਨਹੀਂ ਹੁੰਦੇ। ਕਿਸਾਨ ਸਮੇਂ ਨੂੰ ਸੁਰੱਖਿਅਤ ਬਣਾਉਣ ਵਾਲੇ ਕਾਰਕੁਨ ਹੁੰਦੇ ਹਨ। ਉਹ ਸਰਬੱਤ ਲਈ ਸਹਾਇਕ ਬਣੇ ਰਹਿੰਦੇ ਹਨ। ਕਿਸਾਨ ਵਪਾਰੀ ਨਹੀਂ ਹੁੰਦੇ। ਇਸ ਤਰ੍ਹਾਂ ਦੀਆਂ ਸਿਫਤਾਂ ਨੂੰ ਸੰਭਾਲ ਕੇ ਰੱਖਣ ਵਾਲੀ ਨੀਤ ਅਤੇ ਨੀਤੀ ਦੀ ਬੜੀ ਛੇਤੀ ਪਛਾਣ ਹੋ ਜਾਂਦੀ ਹੈ। ਵਰਤਮਾਨ ਸਮੇਂ ਦੀ ਕੇਂਦਰੀ ਸਿਆਸੀ ਸੱਤਾ ਨਿੱਜਵਾਦ-ਵਪਾਰ ਦਾ ਪੱਖ ਪੂਰ ਰਹੀ ਹੈ। ਨਿੱਜਵਾਦੀ ਵਪਾਰ ਨੂੰ ਆਰਥਿਕ ਮਸਲਿਆਂ ਦੇ ਸਮਾਜਵਾਦੀ ਵਿਦਵਾਨਾਂ ਨੇ ਪਛਾਣ ਲਿਆ ਹੈ।

ਉਨ੍ਹਾਂ ਵਿਦਵਾਨਾਂ ਦੀਆਂ ਸਿਧਾਂਤਕ-ਜਾਣਕਾਰੀਆਂ ਨਾਲ ਜਿਹੜੀ ਸਪੱਸ਼ਟਤਾ ਕਿਰਤੀ ਸਮਾਜ ਨੂੰ ਮਿਲੀ ਹੈ, ਉਸ ਸਾਹਮਣੇ ਤੋਮਰਵਾਦੀ ਤੋਪ ਦੇ ਗੋਲੇ ਮੌਜੂਦ ਹਨ। ਪੰਜਾਬ ਦੀ ਕਿਸਾਨੀ ਨੇ ਸਦੀਆਂ ਤੋਂ ਸਾਰਥਕ ਕਿਸਮ ਦੀ ਕਾਰਗੁਜ਼ਾਰੀ ਨੂੰ ਆਪਣਾ ਸੰਕਲਪ ਮੰਨਿਆ ਹੋਇਆ ਹੈ। ਇਸ ਸੰਕਲਪ ਨੂੰ ਉਤਮ ਖੇਤੀ ਵਜੋਂ ਤਸਲੀਮ ਕੀਤਾ ਜਾ ਰਿਹਾ ਹੈ, ਪਰ ਆਹ ਵਰਤਮਾਨ ਸਿਆਸਤ ਦੇ ਸੱਤਾਵਾਦੀ ਤਮਾਸ਼ੇ ਦਿਨ-ਪ੍ਰਤੀ-ਦਿਨ ਅਜਿਹੇ ਭੰਬਲਭੂਸੇ ਪੈਦਾ ਕਰ ਰਹੇ ਹਨ ਜਿਨ੍ਹਾਂ ਨੂੰ ਜਨਤਕ ਵਿਰੋਧ ਦੀ ਰਾਜਨੀਤੀ ਦਾ ਕਠਪੁਤਲੀ ਨਾਚ ਕਿਹਾ ਜਾ ਸਕਦਾ ਹੈ। ਰਾਜਨੀਤੀ ਦਾ ਕਠਪੁਤਲੀ ਨਾਚ ਜ਼ਿੰਦਗੀ ਦੇ ਕਲਾਮਈ ਸਰੂਪ ਲਈ ਨੁਕਸਾਨ ਦਾਇਕ ਹੁੰਦਾ ਹੈ।

ਵਰਤਮਾਨ ਸਾਲਾਂ ਵਿੱਚ ਕੇਂਦਰ ਸਰਕਾਰ ਨੂੰ ਜੀਵਨ-ਧਾਰਾ ਨੂੰ ਕਲਾਸ਼ੀਲ ਬਣਾਉਣ ਵਾਲੀ ਨੀਤੀ ਨੂੰ ਅਪਨਾਉਣਾ ਚਾਹੀਦਾ ਹੈ। ਸਿਆਸੀ ਮਗਰੂਰੀਆਂ ਮਾਨਵਵਾਦੀ-ਮਹਾਨਤਾ ਤੋਂ ਕੋਹਾਂ ਦੂਰ ਜਾਣ ਲੱਗਦੀਆਂ ਹਨ। ਸੰਜੀਦਗੀ ਦੇ ਨੀਤੀਗਤ ਸਬਕ ਆਖਦੇ ਹਨ ਕਿ ਤਿਲ ਨੂੰ ਤਾੜ ਨਹੀਂ ਬਣਾਉਣਾ ਚਾਹੀਦਾ। ਜਮਹੂਰੀਅਤ ਵਿੱਚ ਜਨਤਾ ਹੀ ਅਸਲੀ ਮਾਲਕ ਹੁੰਦੀ ਹੈ। ਉਹੀ ਆਪਣੇ ਨੁਮਾਇੰਦੇ ਚੁਣ ਕੇ ਉਨ੍ਹਾਂ ਨੂੰ ਗੱਦੀ ਉੱਤੇ ਬਿਠਾਉਂਦੀ ਹੈ। ਜੇ ਉਹ ਨਾਰਾਜ਼ ਹੋ ਜਾਵੇ ਤਾਂ ਤਖਤੋ-ਤਾਜ ਹਿਲਾ ਦਿੰਦੀ ਹੈ। ਸਮਝਦਾਰੀ ਮਾਮਲੇ ਨਿਬੇੜਨ ਵਿੱਚ ਹੈ, ਅੜਨ ਵਿੱਚ ਨਹੀਂ।

# ਨੌਕਰੀਸ਼ੁਦਾ ਬੇਰੁਜ਼ਗਾਰ

-ਪਵਨ

ਭਲਾ ਕੋਈ ਨੌਕਰੀਸ਼ੁਦਾ ਬੇਰੁਜ਼ਗਾਰ ਕਿਵੇਂ ਹੋ ਸਕਦਾ ਹੈ ਤੇ ਕੋਈ ਬੇਰੁਜ਼ਗਾਰ ਨੌਕਰੀਸ਼ੁਦਾ ਕਿਵੇਂ ਹੋ ਸਕਦਾ ਹੈ? ਆਓ ਜ਼ਰਾ ਪੰਜਾਬ ਵਿੱਚ ਚੱਲਦੇ ਕਾਲਜ ਅਧਿਆਪਕਾਂ (ਸਹਾਇਕ ਪ੍ਰੋਫੈਸਰ) ਦੀ ਖਾਸ ਵੰਨਗੀ ਦੀ ਗੱਲ ਕਰ ਲਈਏ। ਇਨ੍ਹਾਂ 'ਸਹਾਇਕ ਪ੍ਰੋਫੈਸਰਾਂ' ਵਿੱਚੋਂ ਮੈਂ ਵੀ ਇੱਕ ਹਾਂ।

ਐੱਮ ਫਿੱਲ (ਅੰਗਰੇਜ਼ੀ) ਦਾ ਆਖਰੀ ਸਮੈਸਟਰ ਚੱਲ ਰਿਹਾ ਸੀ ਤਾਂ ਬੇਰੁਜ਼ਗਾਰੀ ਦਾ ਅਹਿਸਾਸ ਹੋਣ ਲੱਗ ਪਿਆ। ਇਸ ਦਾ ਕਾਰਨ ਵਧਦੀ ਉਮਰ ਕਰ ਕੇ ਮਾਪਿਆਂ ਤੋਂ ਪੈਸੇ ਮੰਗਣ ਦੀ ਜਗ੍ਹਾ ਉਨ੍ਹਾਂ ਦਾ ਸਹਾਰਾ ਬਣਨ ਦੀ ਇੱਛਾ ਅਤੇ ਪੈਸੇ ਦੀ ਲੋੜ ਵੀ ਸੀ। ਕਿਤੇ ਨਾ ਕਿਤੇ ਨੌਕਰੀ ਇੱਕ ਕਾਰਨ ਸੀ ਕਿ ਮੈਂ ਅੰਗਰੇਜ਼ੀ ਨੂੰ ਆਪਣਾ ਮੁੱਖ ਵਿਸ਼ਾ ਚੁਣਿਆ। ਸੁਣਿਆ ਹੋਇਆ ਸੀ ਕਿ ਅੰਗਰੇਜ਼ੀ ਆਉਂਦੀ ਹੋਵੇ ਤਾਂ ਬੰਦੇ ਨੂੰ ਨੌਕਰੀ ਛੇਤੀ ਮਿਲ ਜਾਂਦੀ ਹੈ, ਪਰ ਯੂਨੀਵਰਸਿਟੀ ਤੱਕ ਪਹੁੰਚ ਕੇ ਇਹ ਸਾਫ ਹੋ ਗਿਆ ਸੀ ਕਿ ਚਾਹੇ ਕੁਝ ਵੀ ਪੜ੍ਹ ਲਓ, ਨੌਕਰੀ ਔਖਾ ਕੰਮ ਹੀ ਹੈ, ਖਾਸ ਕਰ ਕੇ ਅਧਿਆਪਨ ਖੇਤਰ ਵਿੱਚ। ਸਰਕਾਰ ਸਾਲਾਂਬੱਧੀ ਸਕੂਲਾਂ-ਕਾਲਜਾਂ ਦੀਆਂ ਆਸਾਮੀਆਂ ਕੱਢਦੀ ਹੈ। ਖੈਰ! ਆਸ ਦਾ ਤਾਰਾ ਧੁੰਦਲਾ ਨਹੀਂ ਹੋਣ ਦਿੱਤਾ, ਸੋਚਿਆ ਸੀ ਕਿ ਅੰਗਰੇਜ਼ੀ ਵਿੱਚ ਐੱਮ ਫਿੱਲ ਪਾਸ ਹਾਂ, ਆਪਣੇ ਵਿਸ਼ੇ ਦਾ ਨੈਟ ਪਾਸ ਕਰ ਕੇ ਘੱਟੋ-ਘੱਟ 21,600 ਰੁਪਏ ਵਾਲੀ ਨੌਕਰੀ ਤੇ ਤਾਂ ਕਿਸੇ ਨਾ ਕਿਸੇ ਕਾਲਜ ਵਿੱਚ ਪੜ੍ਹਾਉਣ ਲੱਗ ਹੀ ਜਾਣਾ ਹੈ।

2019 ਵਾਲੀ ਵਿਸਾਖੀ ਦੇ ਮੇਲੇ ਦੇ ਨਾਲ ਨਿੱਠ ਕੇ ਨੈੱਟ ਦੀ ਤਿਆਰੀ ਸ਼ੁਰੂ ਕਰ ਦਿੱਤੀ। ਚੌਵੀ ਘੰਟਿਆਂ ਦਾ ਦਿਨ ਬਣਾ ਲਿਆ, ਰਾਤਾਂ ਮਨਫੀ ਕਰ ਦਿੱਤੀਆਂ। ਜੁਲਾਈ ਦੇ ਪਹਿਲੇ ਹਫਤੇ ਜਦੋਂ ਜੂਨ ਵਾਲੇ ਨੈੱਟ ਦਾ ਨਤੀਜਾ ਆਇਆ ਤਾਂ ਨੈੱਟ ਵਾਲਾ ਮੋਰਚਾ ਫਤਿਹ ਕਰ ਲਿਆ। ਨਤੀਜਾ ਆਉਣ ਤੋਂ ਬਾਅਦ ਸੋਚਿਆ ਕਿ ਜੇ ਆਰ ਐੱਫ ਦੀ ਤਿਆਰੀ ਕਰਦੇ ਹਾਂ ਅਤੇ ਯੂਨੀਵਰਸਿਟੀ ਹੀ ਰੁਕਦੇ ਹਾਂ, ਪਰ ਮਨ ਦੀ ਹਾਲਤ ਇਹ ਸੀ ਕਿ ਛੇਤੀ ਤੋਂ ਛੇਤੀ ਨੌਕਰੀ ਪ੍ਰਾਪਤ ਕਰਨੀ ਹੈ। ਸੋ ਜੇ ਆਰ ਐੱਫ ਦਾ ਖਿਆਲ ਇੱਕ ਵਾਰ ਛੱਡ ਕੇ ਜਾਂ ਕਹੋ ਨਾਲ ਲੈ ਕੇ ਇੰਟਰਵਿਊਜ਼ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ।

ਸਭ ਤੋਂ ਪਹਿਲਾਂ ਚੰਡੀਗੜ੍ਹ ਨਵੋਦਿਆ ਵਿਦਿਆਲਾ ਵਿਖੇ ਇੰਟਰਵਿਊ ਦਿੱਤੀ ਅਤੇ ਫਿਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਕੰਸਟੀਚੂਐਂਟ ਕਾਲਜਾਂ ਦੇ ਗੈਸਟ ਫੈਕਲਟੀ (ਮਹਿਮਾਨ ਅਧਿਆਪਕ) ਦੇ ਲਈ ਇੰਟਰਵਿਊ ਦਿੱਤੇ, ਤੇ ਫਿਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕੰਸਟੀਚੂਐਂਟ ਕਾਲਜਾਂ ਦੇ ਗੈਸਟ ਫੈਕਲਟੀ (ਟੀਚਰ) ਲਈ। ਇਸ ਦੌਰਾਨ ਸਭ ਤੋਂ ਵੱਡੀ ਤੇ ਪਹਿਲੀ ਸੱਟ ਉਦੋਂ ਵੱਜੀ, ਜਦੋਂ ਇਹ ਪਤਾ ਲੱਗਿਆ ਕਿ ਇਹ ਨੌਕਰੀ ਤਾਂ ਸੱਤ-ਅੱਠ ਮਹੀਨਿਆਂ ਦੀ ਹੈ, ਤੇ ਨਾ ਇਸ ਨੌਕਰੀ ਦਾ ਕਿਤੇ ਤਜਰਬਾ ਗਿਣਿਆ ਜਾਂ ਮੰਨਿਆ ਜਾਂਦਾ ਹੈ। ਫਿਰ ਵੀ ਨੌਕਰੀ ਦੀ ਇੱਛਾ ਅਤੇ ਰੁਜ਼ਗਾਰ ਦੇ ਹਾਲਾਤ ਦੇਖਦੇ ਹੋਏ ਹੌਸਲਾ ਨਾ ਛੱਡਿਆ ਤੇ ਆਪਣੇ ਤੋਂ ਮਾੜੀ ਹਾਲਤ ਵਾਲਿਆਂ ਵੱਲ ਦੇਖ ਕੇ ਇੰਟਰਵਿਊ ਜਾਰੀ ਰੱਖੀਆਂ। ਇਸ ਪਿੱਛੋਂ ਨੌਕਰੀ ਲਈ ਜਵਾਬੀ ਫੋਨ ਆਉਣ ਲੱਗੇ। ਸਭ ਤੋਂ ਪਹਿਲਾਂ ਪਠਾਨਕੋਟ ਤੋਂ ਨਵੋਦਿਆ ਵਾਲਿਆਂ ਦਾ ਫੋਨ ਆਇਆ ਜਿਸ ਨੂੰ ਦੂਰੀ ਅਤੇ ਕਾਲਜ ਦੀ ਨੌਕਰੀ ਦੀ ਲਾਲਸਾ ਕਰ ਕੇ ਜਵਾਬ ਦੇ ਦਿੱਤਾ। ਫਿਰ ਬਰਨਾਲਾ, ਅੰਮ੍ਰਿਤਸਰ, ਜਲੰਧਰ ਤੋਂ ਵੀ ਫੋਨ ਆਏ। ਫਿਰ ਬਰਾਬਰ ਦੀ ਸੱਟ ਉਸ ਵੇਲੇ ਲੱਗੀ ਜਦੋਂ ਪੰਜਾਬੀ ਯੂਨੀਵਰਸਿਟੀ ਦੇ ਇੱਕ ਕੰਸਟੀਚੂਐਂਟ ਕਾਲਜ ਵਿੱਚ ਚੋਣ ਹੋਣ ਪਿੱਛੋਂ ਕਾਲਜ ਪ੍ਰਿੰਸੀਪਲ ਨੇ ਸੱਦਿਆ ਤੇ ਕਿਹਾ, "ਪੁੱਤਰ, ਅਸੀਂ 12000 ਰੁਪਏ ਤਨਖਾਹ ਦੇ ਸਕਦੇ ਹਾਂ, ਜੇ ਪੂਰੀ 21600 ਰੁਪਏ ਤਨਖਾਹ (ਜਿਸ ਵਿੱਚੋਂ ਕੁਝ ਹੋਰ ਕਟੌਤੀ ਵੀ ਹੁੰਦੀ ਹੈ) ਲੈਣੀ ਹੈ ਤਾਂ ਉਹ ਯੂਨੀਵਰਸਿਟੀ ਵੱਲੋਂ ਸਮੈਸਟਰ ਦੇ ਸਮੈਸਟਰ ਆਉਂਦੀ ਹੈ।" ਮੈਨੂੰ ਇਹ ਸੁਣ ਕੇ ਝਟਕਾ ਲੱਗਾ ਅਤੇ ਪਿੰਡਾਂ ਵਿੱਚ ਚੱਲਦਾ ਹਾੜ੍ਹੀ-ਸਾਉਣੀ ਦਾ ਲੈਣ-ਦੇਣ ਯਾਦ ਆ ਗਿਆ। ਇਸ ਬਾਰੇ ਇੱਕ ਦੋ ਥਾਵਾਂ ਤੋਂ ਪੁੱਛਿਆ ਤਾਂ ਪਤਾ ਲੱਗਾ ਕਿ ਯੂਨੀਵਰਸਿਟੀ/ਕੰਸਟੀਚੁਐਂਟ ਕਾਲਜਾਂ ਦੀ ਗੈਸਟ ਫੈਕਲਟੀ ਦਾ ਸਿਸਟਮ ਇਹੀ ਹੈ ਕਿ ਤਨਖਾਹ ਸਮੈਸਟਰ ਦੇ ਸਮੈਸਟਰ ਹੀ ਦਿੱਤੀ ਜਾਂਦੀ ਹੈ।

ਇਸ ਦੌਰਾਨ ਮੈਂ ਹੋਰ ਇੰਟਰਵਿਊ ਦਿੱਤੀਆਂ ਅਤੇ 'ਚੰਗੇ ਭਾਗੀਂ' ਆਪਣੇ ਹੀ ਪਿੰਡ ਕੰਸਟੀਚੂਆਂਟ ਕਾਲਜ ਵਿੱਚ 'ਮਹਿਮਾਨ ਅਧਿਆਪਕ' ਵਜੋਂ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਨੌਕਰੀ ਮਿਲਣ ਦਾ ਚਾਅ ਜਾਂ ਨੌਕਰੀ ਮਿਲਣ ਉਤੇ ਪਾਰਟੀ ਸੁਭਾਵਿਕ ਜਿਹਾ ਜਸ਼ਨ ਹੈ, ਪਰ ਜਦੋਂ ਵੀ ਮੇਰੇ ਕੋਲੋਂ ਮੇਰੇ ਦੋਸਤ ਮਿੱਤਰ (ਉਨ੍ਹਾਂ ਨੇ ਤਾਂ ਛੱਡ ਹੀ ਦਿੱਤਾ) ਜਾਂ ਕੋਈ ਪਿੰਡ ਵਾਲਾ ਪਾਰਟੀ ਮੰਗਦਾ ਹੈ ਤਾਂ ਮੈਂ ਇਹੀ ਕਹਿੰਦਾ ਹਾਂ ਕਿ ਤਨਖਾਹ ਆਉਣ 'ਤੇ ਕਰਾਂਗੇ ਪਾਰਟੀ, ਤੇ ਮੇਰੇ ਮਨ ਅੰਦਰ ਪੂਰੀ ਰੀਝ ਹੈ ਕਿ ਜਦੋਂ ਤਨਖਾਹ ਆਈ, ਪਾਰਟੀ ਜ਼ਰੂਰ ਕਰਨੀ ਹੈ। ਉਂਝ ਤਨਖਾਹ ਉਡੀਕਦਿਆਂ ਇੱਕ ਸਾਲ ਸੱਤ ਮਹੀਨੇ ਹੋ ਗਏ ਹਨ ਅਤੇ 'ਨੌਕਰੀਸ਼ੁਦਾ ਬੇਰੁਜ਼ਗਾਰਾਂ' ਦੀ ਉਡੀਕ ਜਾਰੀ ਹੈ...

## ਹਲਕਾ ਫੁਲਕਾ

ਕੁੜੀ, "ਤੂੰ ਪੈਦਲ ਕਿਉਂ ਆ ਰਿਹਾ ਏਂ, ਆਟੋ ਵਿੱਚ ਆ ਜਾਣਾ ਸੀ ਨਾ।"
ਮੁੰਡਾ, "ਤੂੰ ਹੀ ਤਾਂ ਕਿਹਾ ਸੀ: ਧੀਰੇ ਧੀਰੇ ਸੇ ਮੇਰੀ ਜ਼ਿੰਦਗੀ ਮੇਂ ਆਨਾ...।"

*********


ਇੱਕ ਔਰਤ ਆਪਣੇ ਪਤੀ ਦੀ ਕਬਰ 'ਤੇ ਰੋਂਦੀ ਹੋਈ ਬੋਲੀ, "ਬੇਟਾ ਲੈਪਟਾਪ ਮੰਗ ਰਿਹਾ ਹੈ, ਮੈਂ ਕੀ ਕਰਾਂ? ਬੇਟੀ ਨੇ ਮੋਬਾਈਲ ਦੀ ਫਰਮਾਇਸ਼ ਕਰ ਦਿੱਤੀ ਹੈ, ਕੀ ਕਰਾਂ? ਮੇਰੇ ਆਪਣੇ ਕੱਪੜੇ ਪੁਰਾਣੇ ਹੋ ਗਏ ਹਨ, ਕੀ ਕਰਾਂ?"
ਕਬਰ ਵਿੱਚੋਂ ਘੁੱਟੀ-ਘੁੱਟੀ ਜਿਹੀ ਆਵਾਜ਼ ਆਈ, "ਮਰ ਗਿਆ ਹਾਂ, ਦੁਬਈ ਨਹੀਂ ਗਿਆ।"

*********

ਵਿਵੇਕ, "ਮਾਂ ਤੇ ਪਤਨੀ 'ਚ ਕੀ ਫਰਕ ਹੈ?"
ਸੱਤਪਾਲ, "ਮਾਂ ਬੋਲਣਾ ਸਿਖਾਉਂਦੀ ਹੈ ਅਤੇ ਪਤਨੀ ਚੁੱਪ ਰਹਿਣਾ।"

ਅੰਮ੍ਰਿਤਸਰ ਦੁਸਹਿਰਾ ਰੇਲ ਹਾਦਸਾ

# ਨਗਰ ਨਿਗਮ ਦੇ ਦੋ ਮੌਜੂਦਾ ਤੇ ਦੋ ਸਾਬਕਾ ਅਫਸਰਾਂ ਦੀਆਂ ਤਰੱਕੀਆਂ ਤੇ ਪੈਨਸ਼ਨ ਵਿੱਚ ਕਟੌਤੀ ਦੇ ਆਦੇਸ਼



ਅੰਮ੍ਰਿਤਸਰ, 24 ਫਰਵਰੀ (ਪੋਸਟ ਬਿਊਰੋ)- ਸਾਲ 2018 ਦੇ ਦੁਸਹਿਰੇ ਵਾਲੇ ਦਿਨ ਅੰਮ੍ਰਿਤਸਰ ਦੇ ਜੌੜਾ ਫਾਟਕ ਵਿਖੇ ਰੇਲ ਲਾਈਨਾਂ ਉੱਤੇਹੋਏ ਹਾਦਸੇ ਦੀ ਪੜਤਾਲ ਪਿੱਛੋਂ ਨਗਰ ਨਿਗਮ ਅੰਮ੍ਰਿਤਸਰ ਦੇ ਦੋ ਮੌਜੂਦਾ ਤੇ ਦੋ ਸਾਬਕਾ ਅਫਸਰਾਂ ਨੂੰ ਲਾਪਰਵਾਹੀ ਵਰਤਣ ਦੇ ਦੋਸ਼ੀ ਮੰਨ ਕੇ ਦੋ ਅਧਿਕਾਰੀਆਂ ਦੀਆਂ ਦੋ ਸਾਲਾਂ ਲਈ ਸਾਲਾਨਾ ਤਰੱਕੀਆਂ ਅਤੇ ਦੋ ਸੇਵਾ ਮੁਕਤ ਅਧਿਕਾਰੀਆਂ ਦੀ ਪੈਨਸ਼ਨ ਵਿੱਚੋਂ ਦੋ ਸਾਲ ਦੀ ਕਟੌਤੀ ਕਰਨ ਦੇ ਆਦੇਸ਼ ਜਾਰੀ ਕੀਤੇ ਗਏ ਹਨ।

ਸੈਕਟਰੀ ਲੋਕਲ ਬਾਡੀਜ਼ ਪੰਜਾਬ ਅਜੋਏ ਕੁਮਾਰ ਸਿਨਹਾ ਵੱਲੋਂ ਜਾਰੀ ਪੱਤਰ ਅਨੁਸਾਰ ਅੰਮ੍ਰਿਤਸਰ ਵਿਖੇ 19 ਅਕਤੂਬਰ 2018 ਨੂੰ ਦੁਸਹਿਰੇ ਵਾਲੇ ਦਿਨ ਹੋਏ ਰੇਲ ਹਾਦਸੇ ਬਾਰੇ ਨਗਰ ਨਿਗਮ ਅੰਮ੍ਰਿਤਸਰ ਦੇ ਦੋਸ਼ੀ ਅਧਿਕਾਰੀਆਂ, ਕਰਮਚਾਰੀਆਂ ਨੂੰ ਪੰਜਾਬ ਸਿਵਲ ਸਰਵਿਸਿਜ਼ ਨਿਯਮ ਅੱਠ ਅਧੀਨ ਸਰਕਾਰ ਦੇ ਪੱਤਰ ਮਿਤੀ 22 ਅਕਤੂਬਰ 2019 ਰਾਹੀਂ ਸੁਸ਼ਾਂਤ ਭਾਟੀਆ ਸੈਕਟਰੀ, ਕਸ਼ਮੀਰ ਸਿੰਘ, ਏ ਡੀ ਐਫ ਓ (ਸੇਵਾ ਮੁਕਤ), ਪੁਸ਼ਪਿੰਦਰ ਸਿੰਘ ਸੁਪਰਡੈਂਟ, ਗਰੀਸ਼ ਕੁਮਾਰ ਸੁਪਰਡੈਂਟ ਤੇ ਕੇਵਲ ਕ੍ਰਿਸ਼ਨ ਇੰਸਪੈਕਟਰ (ਦੋਵੇਂ ਸੇਵਾ ਮੁਕਤ) ਨੂੰ ਚਾਰਜਸ਼ੀਟ ਕੀਤਾ ਗਿਆ ਸੀ। ਜਾਰੀ ਪੱਤਰ ਅਨੁਸਾਰ ਦੋਸ਼ੀ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਨਿੱਜੀ ਸੁਣਵਾਈ ਵੇਲੇ ਪੇਸ਼ ਕੀਤੀਆਂ ਦਲੀਲਾਂ ਅਤੇ ਕੇਸ ਦੀ ਫਾਈਲ ਅਤੇ ਰਿਕਾਰਡ/ਤੱਥਾਂ ਨੂੰ ਘੋਖਣ ਉੱਤੇ ਇਨ੍ਹਾਂ ਅਧਿਕਾਰੀਆਂ ਅਤੇ ਕਰਮਚਾਰੀਆਂ ਵਿੱਚੋਂ ਸੈਕਟਰੀ ਸੁਸ਼ਾਂਤ ਭਾਟੀਆ ਅਤੇ ਪੁਸ਼ਪਿੰਦਰ ਸਿੰਘ ਸੁਪਰਡੈਂਟ ਨੂੰ ਦੋ ਸਾਲਾਨਾ ਤਰੱਕੀਆਂ ਬੰਦ ਕਰਨ ਦੀ ਸਜ਼ਾ ਦਿੱਤੀ ਗਈ ਹੈ। ਗਰੀਸ਼ ਕੁਮਾਰ ਸੁਪਰਡੈਂਟ (ਸੇਵਾ ਮੁਕਤ) ਦੀ ਪੈਨਸ਼ਨ ਵਿੱਚ 2 ਸਾਲ ਅਤੇ 5 ਪੈਨਸ਼ਨ ਕੱਟ ਲਾਉਣ ਦੀ ਸਜ਼ਾ ਦਿੱਤੀ ਗਈ ਹੈ। ਕਸ਼ਮੀਰ ਸਿੰਘ ਏ ਡੀ ਐਫ ਓ (ਸੇਵਾ ਮੁਕਤ) ਵਿਰੁੱਧ ਜਾਂਚ ਅਫ਼ਸਰ ਵੱਲੋਂ ਦੋਸ਼ ਸਿੱਧ ਨਾ ਹੋਣ ਕਰ ਕੇਉਸ ਨੂੰ ਛੱਡ ਦਿੱਤਾ ਗਿਆ ਹੈ।

# ਯੂ ਏ ਪੀ ਏ ਵਿੱਚ ਸਜ਼ਾ ਯਾਫਤਾ ਖ਼ਾਲਿਸਤਾਨ ਸਮੱਰਥਕਾਂ ਦੀ ਅਪੀਲ ਹਾਈ ਕੋਰਟ ਵੱਲੋਂ ਰੱਦ

ਚੰਡੀਗੜ੍ਹ, 24 ਫਰਵਰੀ (ਪੋਸਟ ਬਿਊਰੋ)- ਖ਼ਾਲਿਸਤਾਨ ਬਣਾਉਣ ਲਈ ਭਾਰਤ ਵਿਰੁੱਧ ਲੜਾਈ ਲਈ ਸਿੱਖ ਨੌਜਵਾਨਾਂ ਨੂੰ ਉਕਸਾਉਣ ਦੇ ਦੋਸ਼ ਹੇਠ ਸਜ਼ਾ ਯਾਫਤਾ ਤਿੰਨ ਨੌਜਵਾਨਾਂ ਵੱਲੋਂ ਉਨ੍ਹਾਂ ਦੀ ਬਾਕੀ ਉਮਰ ਕੈਦ ਦੀ ਸਜ਼ਾ ਸਸਪੈਂਡ ਕਰਨ ਦੀ ਅਪੀਲ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਰੱਦ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਅਰਵਿੰਦਰ ਸਿੰਘ, ਸੁਰਜੀਤ ਸਿੰਘ ਲੱਕੀ ਅਤੇ ਰਣਜੀਤ ਸਿੰਘ ਵਿਰੁੱਧ ਥਾਣਾ ਰਾਹੋਂ (ਨਵਾਂਸ਼ਹਿਰ) ਵਿੱਚ ਸਾਲ 2016 ਵਿੱਚ ਅਨਲਾਅਫੁੱਲ ਐਕਟੀਵਿਟੀਜ਼ ਤੇ ਹੋਰ ਧਾਰਾਵਾਂ ਦਾ ਦੋਸ਼ ਲਾ ਕੇ ਕੇਸ ਦਰਜ ਕੀਤਾ ਸੀ ਕਿ ਉਨ੍ਹਾਂ ਨੇ ਵੈਸਾਖੀ ਮੌਕੇ ਪਰਚੇ ਵੰਡ ਕੇ ਸਿੱਖ ਨੌਜਵਾਨਾਂ ਨੂੰ ਵੱਖਰਾ ਦੇਸ 'ਖਾਲਿਸਤਾਨ' ਬਣਾਉਣ ਲਈ ਉਕਸਾਇਆ ਤੇ ਅਜਿਹਾ ਕਰਨਾ ਭਾਰਤ ਵਿਰੁੱਧ ਲੜਾਈ ਵਿੱਢਣਾ ਹੈ। ਤਿੰਨਾਂ ਨੂੰ ਨਵਾਂਸ਼ਹਿਰ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਕੀਤੀ ਸੀ ਤੇ ਇਸ ਵਿੱਚੋਂ ਚਾਰ ਸਾਲ ਅੱਠ ਮਹੀਨੇ ਬੀਤਣ ਪਿੱਛੋਂ ਉਨ੍ਹਾਂ ਨੇ ਐਡਵੋਕੇਟ ਆਰ ਐਸ ਬੈਂਸ ਰਾਹੀਂ ਅਪੀਲ ਕਰਕੇ ਮੰਗ ਕੀਤੀ ਸੀ ਕਿ ਬਾਕੀ



ਸਜ਼ਾ ਸਸਪੈਂਡ ਕੀਤੀ ਜਾਵੇ। ਉਨ੍ਹਾਂ ਦਲੀਲ ਦਿੱਤੀ ਕਿ ਉਨ੍ਹਾਂ ਕੋਲੋਂ ਮਿਲੇ ਪੋਸਟਰਾਂ ਤੋਂ ਸਾਬਤ ਨਹੀਂ ਹੁੰਦਾ ਕਿ ਉਹ ਨੌਜਵਾਨਾਂ ਨੂੰ ਭਾਰਤ ਵਿਰੁੱਧ ਲੜਾਈ ਲਈ ਉਕਸਾ ਰਹੇ ਸਨ ਤੇ ਨਾ ਹੀ ਕੋਈ ਹਥਿਆਰਾਂ ਮਿਲੇ ਸਨ।

ਦੂਜੇ ਪਾਸੇ ਸਰਕਾਰੀ ਵਕੀਲ ਆਈ ਪੀ ਐਸ ਦੋਆਬੀਆ ਨੇ ਕਿਹਾ ਕਿ ਮਿਲੀ ਸਮੱਗਰੀ ਅਤੇ ਹਾਲਾਤ ਤੋਂ ਯੂ ਏ ਪੀ ਏ ਦਾ ਕੇਸ ਸਾਬਤ ਹੁੰਦਾ ਹੈ। ਦੋਵਾਂ ਧਿਰਾਂ ਨੂੰ ਸੁਣਨਪਿੱਛੋਂ ਜਸਟਿਸ ਜਸਵੰਤ ਸਿੰਘ ਤੇ ਜਸਟਿਸ ਸੰਤ ਪ੍ਰਕਾਸ਼ ਦੀ ਡਵੀਜਨ ਬੈਂਚ ਨੇ ਕਿਹਾ ਕਿ ਮਾਮਲਾ ਗੰਭੀਰ ਹੈ ਤੇ ਦੋਸ਼ੀਆਂ ਕੋਲੋਂ ਅਜਿਹੀ ਸਮੱਗਰੀ ਮਿਲੀ ਹੈ, ਜਿਸ ਨਾਲ ਖਾਲਿਸਤਾਨ ਬਣਾਉਣ ਪ੍ਰਤੀ ਉਕਸਾਉਣ ਦਾ ਦੋਸ਼ ਬਣਦਾ ਹੈ, ਇਸ ਲਈ ਸਜਾ ਸਸਪੈਂਡ ਨਹੀਂ ਕੀਤੀ ਜਾ ਸਕਦੀ।

# ਲੁਟੇਰਿਆਂ ਨਾਲ ਭਿੜਨ ਵਾਲੀ ਕੁਸੁਮ ਦਾ ਨਾਂਅ ਬਹਾਦਰੀ ਐਵਾਰਡ ਦੇ ਲਈ ਚੁਣਿਆ ਗਿਆ

ਜਲੰਧਰ, 24 ਫਰਵਰੀ (ਪੋਸਟ ਬਿਊਰੋ)- ਪਿਛਲੇ ਸਾਲ ਤੀਹ ਅਗਸਤ ਨੂੰ ਜਲੰਧਰ ਵਿੱਚ ਲੁਟੇਰਿਆਂ ਨਾਲ ਭਿੜ ਜਾਣ ਵਾਲੀ 14 ਸਾਲਾ ਕੁੜੀ ਕੁਸੁਮ ਦਾ ਨਾਂਅ ਇੰਡੀਅਨ ਕੌਂਸਲ ਫਾਰ ਚਾਈਲਡ ਵੈਲਫੇਅਰ ਵੱਲੋਂ ਕੌਮੀ ਬਹਾਦਰੀ ਐਵਾਰਡ ਲਈ ਚੁਣਿਆ ਗਿਆ ਹੈ। ਕੁਸੁਮ ਨੂੰ ਵਧਾਈ ਦਿੰਦੇ ਹੋਏ ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਨੇ ਕਿਹਾ ਕਿ ਉਸ ਉੱਤੇਸਾਰੇ ਜਲੰਧਰ ਨੂੰ ਮਾਣ ਹੈ, ਕਿਉਂਕਿ ਉਸ ਨੇ ਕੁੜੀਆਂ ਸਾਹਮਣੇ ਬਹਾਦਰੀ ਦੀ ਮਿਸਾਲ ਪੇਸ਼ ਕੀਤੀ ਹੈ।

ਡਿਪਟੀ ਕਮਿਸ਼ਨਰ ਥੋਰੀ ਨੇ ਕਿਹਾ ਕਿ



ਪਿਛਲੇ ਸਾਲ ਦੀ ਇਸ ਘਟਨਾ ਤੋਂ ਬਾਅਦ ਕੁਸੁਮ ਦੀ ਬਹਾਦਰੀ ਤੋਂ ਖੁਸ਼ ਹੋ ਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਸ ਨੂੰ ਇੱਕ ਲੱਖ ਰੁਪਏ ਮਦਦ ਭੇਜੀ ਸੀ, ਜੋ ਸੌਂਪ ਦਿੱਤੀ ਗਈ ਸੀ। ਵਰਨਣ ਯੋਗ ਹੈ ਕਿ 8ਵੀਂ ਜਮਾਤ ਦੀ ਵਿਦਿਆਰਥਣ ਕੁਸੁਮ ਜਦੋਂ ਤੀਹ ਅਗਸਤ ਨੂੰ ਟਿਊਸ਼ਨ ਪੜ੍ਹਨ ਗਈ ਤਾਂ ਵਰਕਸ਼ਾਪ ਚੌਕ ਤੋਂ ਸੋਢਲ ਰੋਡ ਦੇ ਰਾਹ ਵਿੱਚ ਦੀਨ ਦਿਆਲ ਉਪਾਧਿਆਏ ਨਗਰ ਵਿੱਚ ਬਾਈਕ ਸਵਾਰ ਲੁਟੇਰਿਆਂ ਨੇ ਮੋਬਾਈਲ ਝਪਟਣ ਲਈ ਹਮਲਾ ਕੀਤਾ ਸੀ, ਪਰ ਕੁਸੁਮ ਨੇ ਮੋਬਾਈਲ ਨਹੀਂ ਛੱਡਿਆ। ਇੱਕ ਲੁਟੇਰੇ ਨੇ ਦਾਤਰ ਨਾਲ ਵਾਰ ਕਰ ਕੇ ਉਸ ਦਾ ਖੱਬਾ ਗੁੱਟ ਵੱਢ ਦਿੱਤਾ ਸੀ, ਪਰ ਕੁਸੁਮ ਨੇ ਦਲੇਰੀ ਨਾਲ ਟੱਕਰ ਲਈ ਤੇ ਲੁਟੇਰੇ ਨੂੰ ਟੀ-ਸ਼ਰਟ ਤੋਂ ਫੜ ਕੇ ਮੋਟਰ ਸਾਈਕਲ ਤੋਂ ਹੇਠਾਂ ਸੁੱਟ ਲਿਆ। ਫਿਰ ਲੋਕ ਆ ਗਏ ਤੇ ਉਨ੍ਹਾਂ ਨੇ ਲੁਟੇਰੇ ਨੂੰ ਕਾਬੂ ਕਰ ਲਿਆ ਸੀ।

## ਕੁਵੈਤ ਭੇਜਣ ਦੇ ਨਾਂਅ ’ਤੇ 24 ਲੋਕਾਂ ਤੋਂ 6.25 ਲੱਖ ਰੁਪਏ ਠੱਗ ਲਏ



ਬਟਾਲਾ, 24 ਫਰਵਰੀ (ਪੋਸਟ ਬਿਊਰੋ)- ਵਿਦੇਸ਼ ਭੇਜਣ ਦੇ ਨਾਂਅ ਉੱਤੇ 24 ਠੱਗਾਂ ਤੋਂ ਕਰੀਬ ਸਵਾ ਛੇ ਲੱਖ ਰੁਪਏ ਠੱਗੀ ਕਰਨ ਅਤੇ ਉਨ੍ਹਾਂ ਨੂੰ ਜਾਅਲੀ ਪਾਸਪੋਰਟ, ਟਿਕਟਾਂ ਦੇਣ ਦੇ ਦੋਸ਼ ਵਿੱਚ ਬਟਾਲਾ ਪੁਲਸ ਨੇ ਟ੍ਰੈਵਲ ਏਜੰਟ ਨੂੰ ਗ੍ਰਿਫਤਾਰ ਕੀਤਾ ਹੈ। ਦੋਸ਼ੀ ਦੇ ਖਿਲਾਫ ਦੋ ਕੇਸ ਇੱਕ ਸਾਲ 2018 ਅਤੇ ਦੂਸਰਾ 2019 ਵਿੱਚ ਦਰਜ ਹੋਇਆ ਸੀ।

ਇਸ ਸਬੰਧੀ ਡੀ ਐਸ ਪੀ ਸਿਟੀ ਪਰਵਿੰਦਰ ਕੌਰ ਨੇ ਦੱਸਿਆ ਕਿ ਦੋਸ਼ੀ ਦੀਪਕ ਕੁਮਾਰ ਤੋਂ ਪੁੱਛਗਿੱਛ ਜਾਰੀ ਹੈ। ਠੱਗੀ ਦੇ ਸ਼ਿਕਾਰ ਲੋਕਾਂ ਨੇ ਦੱਸਿਆ ਕਿ ਜਦ ਏਅਰਪੋਰਟ ਉੱਤੇ ਨਕਲੀ ਪਾਸਪੋਰਟ ਅਤੇ ਵੀਜ਼ੇ ਦਾ ਪਤਾ ਲੱਗੇ ਤੋਂ ਏਜੰਟ ਦੀਪਕ ਕੁਮਾਰ ਨੂੰ ਫੋਨ ਕੀਤਾ ਤਾਂ ਉਸ ਦਾ ਫੋਨ ਬੰਦ ਸੀ। ਜਦ ਉਹ ਜਲੰਧਰ ਰੋਡ ਉਮਰਪੁਰਾ ਉੱਤੇ ਉਨ੍ਹਾਂ ਦੇ ਦਫਤਰ ਗਏ ਤਾਂ ਉਹ ਵੀ ਬੰਦ ਸੀ। ਉਨ੍ਹਾਂ ਨੂੰ ਪਤਾ ਲੱਗਾ ਕਿ ਏਜੰਟ ਦੀਪਕ ਕੁਮਾਰ ਆਪਣੇ ਸਾਥੀਆਂ ਨਾਲ ਪੈਸੇ ਤੇ ਪਾਸਪੋਰਟ ਲੈ ਕੇ ਭਗੌੜਾ ਹੋ ਗਿਆ ਹੈ ਅਤੇ ਉਸ ਨੇ 6,25,500 ਰੁਪਏ ਦੀ ਠੱਗੀ ਕੀਤੀ ਹੈ। ਦੋਸ਼ੀ ਨੇ ਨਾ ਉਨ੍ਹਾਂ ਦੇ ਪੈਸੇ ਵਾਪਸ ਕੀਤੇ ਤੇ ਨਾ ਉਨ੍ਹਾਂ ਨੂੰ ਵਿਦੇਸ਼ ਭੇਜਿਆ। ਇਸ ਸਬੰਧ ਵਿੱਚ ਪੁਲਸ ਨੇ ਥਾਣਾ ਸਿਵਲ ਲਾਈਨ ਵਿੱਚ ਪਹਿਲਾ ਮਾਮਲਾ 17 ਦਸੰਬਰ 2018 ਨੂੰ ਅਤੇ ਦੂਸਰਾ ਮਾਮਲਾ 16 ਮਾਰਚ 2019 ਨੂੰ ਧੋਖਾਧੜੀ ਅਤੇ ਪੰਜਾਬ ਪ੍ਰੀਵੈਂਸ਼ਨ ਆਫ ਹਿਊਮਨ ਸਮੱਗਲਿੰਗ ਐਕਟ-2012 ਦੇ ਤਹਿਤ ਦਰਜ ਕੀਤਾ ਸੀ।

# ਜਲੰਧਰ ਦੀ ਪਾਵਰਕਾਮ ਟੀਮ ਵੱਲੋਂ ਲੁਧਿਆਣੇ ਦੀ ਕੰਪਨੀ ਉੱਤੇ ਛਾਪਾ

*ਫੈਕਟਰੀ ਵਿੱਚ ਕੁੰਡੀ ਬਦਲੇ 27 ਲੱਖ ਰੁਪਏ ਜੁਰਮਾਨਾ

ਜਲੰਧਰ, 24 ਫਰਵਰੀ (ਪੋਸਟ ਬਿਊਰੋ)- ਪਾਰਵਕਾਮ ਇਨਫੋਰਸਮੈਂਟ ਵਿੰਗ-3 ਜਲੰਧਰ ਦੀ ਟੀਮ ਨੇ ਕੱਲ੍ਹ ਲੁਧਿਆਣਾ ਵਿੱਚ ਗਾਰਮੈਂਟਸ ਮੈਨੂਫੈਕਚਰਿੰਗ ਕੰਪਨੀ ਉੱਤੇ ਛਾਪਾ ਮਾਰ ਕੇ ਇੱਕ ਵੱਡੀ ਬਿਜਲੀ ਚੋਰੀ ਫੜੀ ਅਤੇ ਕੰਪਨੀ ਉੱਤੇਕੇਸ ਦਰਜ ਕਰਵਾ ਦਿੱਤਾ ਹੈ, ਜਿਸ ਦੀ ਜਾਂਚ ਕੀਤੀ ਜਾ ਰਹੀ ਹੈ।

ਡਿਪਟੀ ਚੀਫ ਇੰਜੀਨੀਅਰ ਰਜਤ ਸ਼ਰਮਾ ਨੇ ਦੱਸਿਆ ਕਿ ਵਿਭਾਗ ਨੂੰ ਸੂਚਨਾ ਮਿਲੀ ਕਿ ਲੁਧਿਆਣੇਦੇ ਮਹਾਵੀਰ ਜੈਨ ਕਾਲੋਨੀ ਫੋਕਲ ਪੁਆਇੰਟ ਵਿੱਚ ਗਾਰਮੈਂਟਸ ਕੰਪਨੀ ਨੇ ਟ੍ਰਾਂਸਫਾਰਮਰ ਤੋਂ ਆਪਣੀ ਫੈਕਟਰੀ ਤੱਕ ਡਾਇਰੈਕਟ ਕੁੰਡੀ ਪਾਈ ਹੋਈ ਹੈ ਅਤੇ 45 ਕਿਲੋਵਾਟ ਬਿਜਲੀ ਵਰਤ ਰਹੀ ਹੈ। ਜਦੋਂ ਛਾਪੇਮਾਰੀ ਕੀਤੀ ਤਾਂ ਮੌਕੇ ਉੱਤੇ ਕੇਬਲ ਵੀ ਫੜੀ ਅਤੇ ਜਿਸ



ਟ੍ਰਾਂਸਫਾਰਮਰ ਤੋਂ ਸਪਲਾਈ ਦਿੱਤੀ ਜਾ ਰਹੀ ਸੀ, ਉਸ ਨੂੰ ਵੀ ਬੰਦ ਕਰਵਾਇਆ ਗਿਆ। ਰਜਤ ਸ਼ਰਮਾ ਨੇ ਦੱਸਿਆ ਕਿ ਐਸ ਡੀ ਓ ਧਰਮਿੰਦਰ ਤੇ ਉਨ੍ਹਾਂ ਦੇ ਨਾਲ ਬਾਕੀ ਕਰਮਚਾਰੀ ਵੀ ਮੌਕੇ ਉੱਤੇ ਗਏ ਸਨ। ਮੈਨੂਫੈਕਚਰਿੰਗ ਕੰਪਨੀ ਉੱਤੇ ਜੁਰਮਾਨੇ ਦੇ ਨਾਲ ਬਿਜਲੀ ਚੋਰੀ ਬਾਰੇ ਇਲੈਕਟ੍ਰੀਸਿਟੀ ਐਕਟ 2003 ਧਾਰਾ 135 ਦਾ ਕੇਸ ਦਰਜ ਕੀਤਾ ਗਿਆ ਹੈ ਅਤੇ ਸਾਰੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਜੇ ਇਸ ਵਿੱਚ ਕੋਈ ਸਰਕਾਰੀ ਮੁਲਾਜ਼ਮ ਸ਼ਾਮਲ ਹੋਇਆ ਤਾਂ ਕਿਸੇ ਵੀ ਹਾਲਤ ਵਿੱਚ ਉਸ ਨੂੰ ਬਖਸ਼ਿਆ ਨਹੀਂ ਜਾਏਗਾ, ਕਿਉਂਕਿ ਇੰਨੀ ਵੱਡੀ ਬਿਜਲੀ ਚੋਰੀ ਇਕੱਲਾ ਆਦਮੀ ਨਹੀਂ ਕਰ ਸਕਦਾ ਅਤੇ ਨਾ ਹੀ ਕੋਈ ਕਰਵਾ ਸਕਦਾ ਹੈ।

# ਪਿਪਲਾਂਵਾਲਾ ਦੇ ਬਜ਼ੁਰਗ ਜੋੜੇ ਨੂੰ ਬਾਬੇ ਨੇ ਠੱਗ ਲਿਆ

ਹੁਸ਼ਿਆਰਪੁਰ, 24 ਫਰਵਰੀ (ਪੋਸਟ ਬਿਊਰੋ)-ਇੱਕ ਠੱਗ ਬਾਬੇ ਨੇ ਬਜ਼ੁਰਗ ਜੋੜੇ ਨੂੰ ਨਿਸ਼ਾਨਾ ਬਣਾ ਕੇ ਉਸ ਦੇ ਚਾਰ ਤੋਲੇ ਸੋਨੇ ਦੇ ਗਹਿਣਿਆਂ ਉੱਤੇਹੱਥ ਸਾਫ ਕਰ ਲਿਆ ਹੈ।

ਪਿਪਲਾਂਵਾਲਾ ਦੇ ਪਰਗਟ ਸਿੰਘ ਅਤੇ ਉਸ ਦੀ ਪਤਨੀ ਹਰਮਿੰਦਰ ਕੌਰ ਨੇ ਦੱਸਿਆ ਕਿ ਕੱਲ੍ਹ ਸਵੇਰੇ ਕਰੀਬ ਅੱਠ ਵਜੇ ਉਹ ਸੈਰ ਕਰ ਕੇ ਮੁੜ ਰਹੇ ਸਨ ਤਾਂ ਸਾਬਕਾ ਮੰਤਰੀ ਸੰਤੋਸ਼ ਚੌਧਰੀ ਦੀ ਰਿਹਾਇਸ਼ ਨੇੜੇ ਇੱਕ ਵਿਅਕਤੀ ਨੇ ਉਨ੍ਹਾਂ ਨੂੰ ਰੋਕ ਕੇ ਧਾਰਮਿਕ ਸਥਾਨ ਬਾਰੇ ਪਤਾ ਪੁੱਛਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਨਹੀਂ ਪਤਾ। ਫਿਰ ਇੱਕ ਮੋਟਰ ਸਾਈਕਲ ਸਵਾਰ ਆਇਆ ਅਤੇ ਕਹਿਣ ਲੱਗਾ ਕਿ ‘ਇਹ ਬਹੁਤ ਪਹੁੰਚੇ ਹੋਏ ਸੰਤ ਹਨ, ਇਹ ਕਿਸੇ ਨਾਲ ਗੱਲ ਨਹੀਂ ਕਰਦੇ, ਤੁਸੀਂ ਕਿਸਮਤ ਵਾਲੇ ਹੋ, ਜੋ ਤੁਹਾਡੇ ਕੋਲ ਰੁਕੇ। ਤੁਸੀਂ ਇਨ੍ਹਾਂ ਤੋਂ ਕੁਝ ਮੰਗ ਲਓ।’ ਬਾਈਕ ਵਾਲੇ ਨੇ ਕਿਹਾ ਕਿ ਉਸ ਦੀ ਮਾਂ ਬਹੁਤ ਬਿਮਾਰ ਸੀ, ਜਿਸ ਨੂੰ ਇਨ੍ਹਾਂ ਨੇ ਕੁਝ ਮਿੰਟਾਂ ਵਿੱਚ ਠੀਕ ਕਰ ਦਿੱਤਾ ਸੀ। ਇੰਨਾ ਕਹਿ ਕੇ ਉਹ ਬਾਈਕ ਸਵਾਰ ਉਥੋਂ ਚਲਾ ਗਿਆ।ਇਸੇ ਦੌਰਾਨ ਉਹ ਬਾਬਾ ਉਨ੍ਹਾਂ ਦੇ ਨਾਲ-ਨਾਲ ਚੱਲ ਪਿਆ ਅਤੇ ਕਹਿਣ ਲੱਗਾ ਕਿ ਉਨ੍ਹਾਂ ਦੇ ਬੇਟੇ ਦੀ ਹਾਲਤ ਠੀਕ ਨਹੀਂ, ਜਿਸ ਦਾ ਇਲਾਜ ਉਹ ਕਰ ਸਕਦਾ ਹੈ। ਗੱਲਾਂ ਕਰਦੇ-ਕਰਦੇ ਉਹ ਉਨ੍ਹਾਂ ਦੇ ਘਰ ਤੱਕ ਆ ਗਿਆ। ਉਨ੍ਹਾਂ ਨੇ ਦੱਸਿਆ ਕਿ ਇਸ ਦੌਰਾਨ ਬਾਬੇ ਨੇ ਪੀੜਤ ਦੀ ਸੋਨੇ ਦੀ ਅੰਗੂਠੀ ਲਈ ਅਤੇ ਉਸ ਉੱਤੇ ਮੰਤਰ ਫੂਕ ਕੇ ਕਿਹਾ ਕਿ ਇਸ ਨੂੰ ਰੱਖ ਲਓ, ਤੁਹਾਡੇ ਸਾਰੇ ਕੰਮ ਸਹੀ ਹੋ ਜਾਣਗੇ। ਫਿਰ ਬਾਬੇ ਨੇ ਉਨ੍ਹਾਂ ਨੂੰ ਕਿਹਾ ਕਿ ਘਰ ਵਿੱਚ ਜੋ ਹੋਰ ਸੋਨੇ ਦੇ ਗਹਿਣੇ ਹਨ ਉਨ੍ਹਾਂ ਨੂੰ ਵੀ ਲਿਆਓ, ਉਹ ਉਸ ਨੂੰ ਵੀ ਮੰਤਰ ਮਾਰ ਦਿੰਦਾ ਹੈ। ਇਸ ਕਾਰਨ ਉਹ ਉਸ ਦੇ ਝਾਂਸੇ ਵਿੱਚ ਆ ਗਏ ਤੇ ਉਸ ਨੂੰ ਆਪਣੀ ਨੂੰਹ ਦੇ ਗਹਿਣੇ ਵੀ ਦੇ ਦਿੱਤੇ, ਜਿਨ੍ਹਾਂ ਉੱਤੇ ਉਸ ਨੇ ਫੂਕ ਮਾਰੀ ਅਤੇ ਇੱਕ ਰੁਮਾਲ ਵਿੱਚ ਬਜਰੀ ਅਤੇ ਪੱਥਰ ਚੁੱਕੇ ਅਤੇ ਅੰਗੂਠੀ ਸਮੇਤ ਲਪੇਟ ਕੇ ਦੇ ਦਿੱਤੇ। ਬਾਬੇ ਨੇ ਕਿਹਾ ਕਿ ਇਸ ਨੂੰ ਘਰ ਵਿੱਚ ਪੂਜਾ ਦੀ ਜਗ੍ਹਾ ਰੱਖ ਦਿਓ, ਇਸ ਤੋਂ ਇਹ ਸੋਨਾ ਵੀ ਵਧ ਜਾਏਗਾ ਅਤੇ ਉਨ੍ਹਾਂ ਦੇ ਸਾਰੇ ਕੰਮ ਵੀ ਹੋ ਜਾਣਗੇ। ਪੀੜਤ ਜੋੜੇ ਨੇ ਦੱਸਿਆ ਕਿ ਜਦ ਉਹ ਰੁਮਾਲ ਨੂੰ ਰੱਖਣ ਕਮਰੇ ਵਿੱਚ ਗਏ ਤਾਂ ਉਨ੍ਹਾਂ ਨੂੰ ਖਿਆਲ ਆਇਆ ਕਿ ਦੇਖ ਲਈਏ ਕਿ ਇਸ ਵਿੱਚ ਹੋਰ ਕੁਝ ਹੈ ਜਾਂ ਨਹੀਂ। ਜਦ ਉਨ੍ਹਾਂ ਨੇ ਰੁਮਾਲ ਨੂੰ ਖੋਲ੍ਹ ਕੇ ਦੇਖਿਆ ਤਾਂ ਉਸ ਵਿੱਚ ਸਿਰਫ ਬੱਜਰੀ ਤੇ ਪੱਥਰ ਸਨ। ਉਨ੍ਹਾਂ ਕਿਹਾ ਕਿ ਜਦੋਂਉਹ ਘਰ ਦੇ ਬਾਹਰ ਆਏ ਤਾਂ ਬਾਬਾ ਫਰਾਰ ਹੋ ਚੁੱਕਾ ਸੀ। ਇਸ ਦੀ ਸੂਚਨਾ ਉਨ੍ਹਾਂ ਨੇ ਪੁਲਸ ਨੂੰ ਦਿੱਤੀ। ਥਾਣਾ ਮਾਡਲ ਟਾਊਨ ਦੇ ਐਸ ਐਚ ਓ ਕਰਨੈਲ ਸਿੰਘ ਨੇ ਦੱਸਿਆ ਕਿ ਜਾਂਚ ਕਰ ਰਹੇ ਹਾਂ। ਉਨ੍ਹਾਂ ਨੇ ਸੀ ਸੀ ਟੀ ਵੀ ਫੁਟੇਜ ਦੇਖੀ ਹੈ, ਜਿਸ ਵਿੱਚ ਦੋਸ਼ੀ ਦੀ ਤਸਵੀਰ ਕੈਦ ਸੀ। ਉਸ ਨੂੰ ਕਬਜ਼ੇ ਵਿੱਚ ਲੈ ਕੇ ਅਗਲੀ ਕਾਨੂੰਨੀ ਕਾਰਵਾਈ ਜਾਰੀ ਰੱਖੀ ਗਈ ਹੈ।

### ਟੱਕਰ ਮਗਰੋਂ ਟਰੱਕਾਂ ਨੂੰ ਅੱਗ ਲੱਗੀ, ਇੱਕ ਜਣੇ ਦੀ ਮੌਤ

ਜਗਰਾਉਂ, 24 ਫਰਵਰੀ (ਪੋਸਟ ਬਿਊਰੋ)- ਜਗਰਾਓਂ-ਜਲੰਧਰ ਮਾਰਗ ਉੱਤੇਕੱਲ੍ਹ ਵਾਪਰੇ ਹਾਦਸੇ ਵਿੱਚ ਦੋ ਟਰੱਕਾਂ ਦੀ ਆਹਮੋ-ਸਾਹਮਣੀ ਟੱਕਰ ਦੌਰਾਨ ਦੋਵੇਂ ਟਰੱਕ ਸੜ ਗਏ। ਇੱਕ ਟਰੱਕ ਦਾ ਡਰਾਈਵਰ ਵਾਹਨ ਨੂੰ ਅੱਗ ਲੱਗਣ ਦੇ ਕਾਰਨ ਸੜ ਗਿਆ, ਜਿਸ ਦੀ ਮੌਕੇ ਉੱਤੇ ਹੀ ਮੌਤ ਹੋ ਗਈ।

ਮਿਲੀ ਜਾਣਕਾਰੀ ਮੁਤਾਬਕ ਦੇਰ ਰਾਤ ਜਗਰਾਉਂ-ਜਲੰਧਰ ਮਾਰਗ ਉੱਤੇ ਟਰੱਕ ਯੂਨੀਅਨ ਦੇ ਕੋਲ ਇੱਕ ਕਾਰ ਨੂੰ ਬਚਾਉਣ ਦੇ ਚੱਕਰ ਵਿੱਚ ਦੋ ਟਰੱਕਾਂ ਦੀ ਟੱਕਰ ਹੋ ਗਈ। ਟਾਈਲਾਂ ਨਾਲ ਭਰਿਆ ਟਰੱਕ ਮੂਹਰੇ ਕਾਰ ਆਉਣ ਦੇ ਕਾਰਨ ਸੜਕ ਉੱਤੇ ਖੜ੍ਹੇ ਰੇਤ ਨਾਲ ਭਰੇ ਟਰੱਕ ਵਿੱਚ ਸਿੱਧਾ ਆ ਵੱਜਾ। ਮੌਕੇ ਉੱਤੇ ਹਾਜ਼ਰ ਲੋਕਾਂ ਅਨੁਸਾਰ ਟੱਕਰ ਪਿੱਛੋਂ ਦੋਵਾਂ ਟਰੱਕਾਂ ਨੂੰ ਅੱਗ ਲੱਗ ਗਈ ਤੇ ਦੇਖਦੇ ਹੀ ਦੇਖਦੇ ਲਪਟਾਂ ਉਚੀਆਂ ਉਠਣ ਲੱਗੀਆਂ। ਰਾਹਗੀਰਾਂ ਨੇ ਨਗਰ ਕੌਂਸਲ ਦੇ ਅੱਗ ਬੁਝਾਊ ਅਮਲੇ ਨਾਲ ਸੰਪਰਕ ਦੀ ਕੋਸ਼ਿਸ਼ ਕੀਤੀ, ਪਰ ਫੋਨ ਬੰਦ ਹੋਣ ਕਾਰਨ ਸੰਪਰਕ ਨਹੀਂ ਹੋ ਸਕਿਆ। ਇਸ ਦੌਰਾਨ ਹੀ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦਾ ਇੱਕ ਟਰੱਕ ਦਾ ਡਰਾਈਵਰ ਵਿੱਚੇ ਝੁਲਸ ਗਿਆ ਅਤੇ ਬਾਹਰ ਕੱਢਣ ਤੱਕ ਉਸ ਦੀ ਮੌਤ ਹੋ ਚੁੱਕੀ ਸੀ। ਮੌਕੇ ਉੱਤੇ ਪੁੱਜੀ ਪੁਲਸ ਦੀ ਪੜਤਾਲ ਪਤਾ ਲੱਗਾ ਕਿ ਹਾਦਸੇ ਦਾ ਸ਼ਿਕਾਰ ਹੋਇਆ ਟਰੱਕ ਬਠਿੰਡੇ ਦੀ ਗਨਪਤੀ ਟਾਈਲ ਦਾ ਹੈ ਅਤੇ ਇਸ ਦੇ ਮ੍ਰਿਤਕ ਚਾਲਕ ਮਾਣਕ ਸਿੰਘ ਪਿੰਡ ਬਹਾਦਰਪੁਰ (ਮਾਨਸਾ) ਦਾ ਰਹਿਣ ਵਾਲਾ ਸੀ।

## ਜਾਅਲੀ ਮ੍ਰਿਤਕਾਂ ਦੇ ਛੇ ਵਾਰਸਾਂ ਨੂੰ ਸਰਕਾਰੀ ਨੌਕਰੀ ਦੇਣ ਦਾ ਘਪਲਾ

ਤਰਨਤਾਰਨ, 24 ਫਰਵਰੀ (ਪੋਸਟ ਬਿਊਰੋ)- ਇਸ ਜ਼ਿਲ੍ਹੇ ਦੇ ਸਿਹਤ ਵਿਭਾਗ ਵਿੱਚ ਛੇਵਿਅਕਤੀਆਂ ਨੂੰ ਮ੍ਰਿਤਕ ਕਰਾਰ ਦੇ ਕੇ ਉਨ੍ਹਾਂ ਦੇ ਜਾਅਲੀ ਵਾਰਸਾਂ ਨੂੰ ਸਰਕਾਰੀ ਨੌਕਰੀ ਉੱਤੇ ਰੱਖਣ ਦਾ ਘਪਲਾ ਪਤਾ ਲੱਗਾ ਹੈ, ਜਿਸ ਦੀ ਜਾਂਚ ਲਈ ਤਿੰਨ ਮੈਂਬਰੀ ਡਾਕਟਰਾਂ ਦਾ ਬੋਰਡ ਬਣਾਇਆ ਗਿਆ ਹੈ। ਇਸ ਠੱਗੀਵਿੱਚ ਚੰਡੀਗੜ੍ਹ ਸਿਹਤ ਵਿਭਾਗ ਦੇ ਹੈਡ ਕੁਆਰਟਰ ਵਿੱਚ ਤਾਇਨਾਤ ਵੱਡੇ ਅਧਿਕਾਰੀ ਵੀ ਸ਼ਾਮਲ ਹਨ। ਕੇਸ ਦੀ ਜਾਂਚ ਨੂੰ ਇਮਾਨਦਾਰੀ ਅਤੇ ਤੇਜ਼ੀ ਨਾਲ ਅੱਗੇ ਵਧਾਉਣ ਵਾਲੇ ਮੌਜੂਦਾ ਸਿਵਲ ਸਰਜਨ ਨੂੰ ਕਈ ਲੋਕਾਂ ਵੱਲੋਂ ਧਮਕੀਆਂ ਵੀ ਮਿਲਣ ਲੱਗ ਪਈਆਂ ਹਨ।

ਮਿਲੀ ਜਾਣਕਾਰੀ ਅਨੁਸਾਰ ਇਸ ਜ਼ਿਲ੍ਹੇ ਵਿੱਚ ਸਾਲ 2019 ਤੋਂ 2020 ਤੱਕ ਦੇ ਸਮੇਂ ਵਿੱਚ ਸਿਹਤ ਵਿਭਾਗ ਦੇ ਛੇ ਕਰਮਚਾਰੀਆਂ ਨੂੰ ਸਰਕਾਰੀ ਨੌਕਰੀ ਉੱਤੇ ਤਾਇਨਾਤ ਪਰਵਾਰਕ ਮੈਂਬਰਾਂ ਦੀ ਮੌਤ ਦਾ ਝੂਠ ਬੋਲ ਕੇ ਸਰਕਾਰੀ ਨੌਕਰੀ ਦੇ ਦਿੱਤੀ ਗਈ, ਜਿਸ ਤੋਂ ਬਾਅਦ ਮ੍ਰਿਤਕਾਂ ਦੇ ਜਾਅਲੀ ਖਾਤਿਆਂ ਵਿੱਚੋਂ ਬੈਂਕ ਅਤੇ ਖਜ਼ਾਨੇ ਵਿੱਚ ਮੌਜੂਦ ਸਟਾਫ ਦੀ ਮਿਲੀ-ਭੁਗਤ ਨਾਲ ਲੱਖ ਰੁਪਏ ਸਾਲਾਨਾ ਪ੍ਰਤੀ ਕੇਸ ਦੇ ਹਿਸਾਬ ਨਾਲ ਛੇ ਲੱਖ ਰੁਪਏ ਚੂਨਾ ਸਰਕਾਰ ਨੂੰ ਲਾਇਆ ਗਿਆ ਹੈ।

ਜਾਣਕਾਰ ਸੂਤਰਾਂ ਅਨੁਸਾਰ ਇਸ ਦੀ ਭਿਣਕ ਮੌਜੂਦਾ ਸਿਵਲ ਸਰਜਨ ਡਾ. ਰੋਹਿਤ ਮਹਿਤਾ ਨੂੰ ਲੱਗੀ ਤਾਂ ਉਨ੍ਹਾਂ ਨੇ ਸਾਰਾ ਮਾਮਲਾ ਡਾਇਰੈਕਟਰ ਸਿਹਤ ਸੇਵਾਵਾਂ ਦੇ ਧਿਆਨ ਵਿੱਚ ਲਿਆਂਦਾ। ਇਸ ਪਿੱਛੋਂ ਇਸਦੀ ਜਾਂਚ ਲਈ ਤਿੰਨ ਮੈਂਬਰੀ ਬੋਰਡ ਬਣਾਇਆ ਗਿਆ, ਜੋ ਸਾਰੀ ਰਿਪੋਰਟ ਸਬੂਤਾਂ ਸਮੇਤ ਸਿਵਲ ਸਰਜਨ ਨੂੰ ਜਲਦੀ ਦੇਣ ਵਾਲਾ ਹੈ।

ਪਤਾ ਲੱਗਾ ਹੈ ਕਿ ਇਸ ਜ਼ਿਲ੍ਹੇ ਦੇ ਵੱਖ-ਵੱਖ ਸਿਹਤ ਕੇਂਦਰਾਂ ਵਿੱਚ ਛੇ ਜਣਿਆਂ ਨੂੰ ਨੌਕਰੀ ਝੂਠ ਨਾਲਦਿੱਤੀ ਗਈ ਹੈ, ਜਿਸ ਵਿੱਚ ਜ਼ਿਲ੍ਹੇ ਦੇ ਪੁਰਾਣੇ ਸਿਵਲ ਸਰਜਨਾਂ, ਐਸ ਐਮ ਓ ਅਕਾਊਂਟ ਸ਼ਾਖਾ ਸਟਾਫ, ਖਜ਼ਾਨਾ ਦਫ਼ਤਰ ਕਰਮਚਾਰੀ, ਬੈਂਕ ਕਰਮਚਾਰੀ ਤੋਂ ਇਲਾਵਾ ਚੰਡੀਗੜ੍ਹ ਦੇ ਵੱਡੇ ਅਤੇ ਛੋਟੇ ਅਧਿਕਾਰੀ ਤੇ ਕਰਮਚਾਰੀ ਸ਼ਾਮਲ ਹਨ। ਇਸ ਫਰਾਡ ਵਿੱਚ ਸ਼ਾਮਲ ਲੋਕਾਂ ਨੇ ਸਰਕਾਰ ਨੂੰ ਗੁੰਮਰਾਹ ਕਰ ਕੇ ਉਨ੍ਹਾਂ ਮ੍ਰਿਤਕਾਂ ਨੂੰ ਸਰਕਾਰੀ ਨੌਕਰ ਦੱਸ ਦਿੱਤਾ, ਜੋ ਇਸ ਵਿਭਾਗ ਵਿੱਚ ਕਦੇ ਤਾਇਨਾਤ ਹੀ ਨਹੀਂ ਸਨ। ਇੱਕ ਪਾਸੇ ਸਰਕਾਰ ਨੂੰ ਇਹ ਸੂਚਨਾ ਦਿੱਤੀ ਗਈ ਕਿ ਪਿਛਲੇ ਦੋ ਸਾਲਾਂ ਦੌਰਾਨ ਕਿਸੇ ਸਰਕਾਰੀ ਕਰਮਚਾਰੀ ਦੀ ਮੌਤ ਨਹੀਂ ਹੋਈ ਅਤੇ ਦੂਸਰੇ ਪਾਸੇ ਛੇ ਵਿਅਕਤੀਆਂ ਨੂੰ ਸਰਕਾਰੀ ਨੌਕਰੀ ਉੱਤੇ‘ਮ੍ਰਿਤਕਾਂ’ ਦੀ ਥਾਂ ਨੌਕਰੀ ਉੱਤੇ ਰੱਖ ਲਿਆ।ਸਿਵਲ ਸਰਜਨ ਡਾ. ਰੋਹਿਤ ਮਹਿਤਾ ਨੇ ਦੱਸਿਆ ਕਿ ਇਸ ਬਾਰੇ ਡਾਇਰੈਕਟਰ ਹੈਲਥ ਦੇ ਹੁਕਮਾਂ ਹੇਠ ਤਿੰਨ ਮੈਂਬਰੀ ਬੋਰਡ ਵੱਲੋਂ ਜਾਂਚ ਜਾਰੀ ਹੈ ਅਤੇ ਇਸ ਤੋਂ ਬਾਅਦ ਚੰਡੀਗੜ੍ਹ ਨੂੰ ਰਿਪੋਰਟ ਦਿੱਤੀ ਜਾਵੇਗੀ।

## ਜਾਂਚ ਟੀਮ ਨੇ ਉਮਰਾਨੰਗਲ ਉੱਤੇ ਕੋਰਟ ਵਿੱਚ ਅਣਪਛਾਤੇ ਵਿਅਕਤੀ ਲਿਆਉਣ ਦੇ ਦੋਸ਼ ਲਾਏ

ਫ਼ਰੀਦਕੋਟ, 24 ਫਰਵਰੀ (ਪੋਸਟ ਬਿਊਰੋ)- ਕੋਟਕਪੂਰਾ ਤੇ ਬਹਿਬਲ ਗੋਲੀਕਾਂਡ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਆਈ ਜੀ ਕੁੰਵਰਵਿਜੇ ਪ੍ਰਤਾਪ ਸਿੰਘ ਵੱਲੋਂ ਜ਼ਿਲ੍ਹਾ ਅਟਾਰਨੀ ਰਾਹੀਂ ਆਈ ਜੀ ਪਰਮਰਾਜ ਸਿੰਘ ਉਮਰਨੰਗਲ ਵਿਰੁੱਧ ਸਥਾਨਕ ਅਦਾਲਤ ਵਿੱਚ ਲਿਖਤੀ ਅਰਜ਼ੀ ਰਾਹੀਂ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਉਪਰ ਗਵਾਹਾਂ ਅਤੇ ਜਾਂਚ ਏਜੰਸੀਆਂ ਨੂੰ ਦਬਾਉਣ ਦੇ ਦੋਸ਼ ਲਾਏ ਗਏ ਹਨ।

ਵਿਸ਼ੇਸ਼ ਜਾਂਚ ਟੀਮ ਨੇ ਆਪਣੀ ਅਰਜ਼ੀ ਵਿੱਚ ਦਾਅਵਾ ਕੀਤਾ ਹੈ ਕਿ 19 ਫਰਵਰੀ ਨੂੰ ਉਮਰਾਨੰਗਲ ਸੈਸ਼ਨ ਕੋਰਟ ਵਿੱਚ ਪੇਸ਼ ਹੋਇਆ ਤਾਂ ਇਸ ਸਮੇਂ ਉਸ ਨਾਲ ਕੁਝ ਅਣਪਛਾਤੇ ਵਿਅਕਤੀ ਵੀ ਸਨ। ਜਾਂਚ ਟੀਮ ਨੇ



ਆਪਣੀ ਦਰਖਾਸਤ ਵਿੱਚ ਕਿਹਾ ਕਿ ਇਸ ਤੱਥ ਦੀ ਪ੍ਰਸ਼ਟੀ ਲਈ ਸ਼ੈਸ਼ਨ ਕੋਰਟ ਦੇ ਆਸ-ਪਾਸ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀਆਂ ਫੁਟੇਜ ਸਾਂਭੀ ਜਾਣੀ ਲਾਜ਼ਮੀ ਹੈ। ਸ਼ੈਸ਼ਨ ਜੱਜ ਸੁਮੀਤ ਮਲਹੋਤਰਾ ਨੇ ਵਿਸ਼ੇਸ਼ ਜਾਂਚ ਟੀਮ ਦੀ ਅਰਜ਼ੀ ਉੱਤੇ ਸੁਣਵਾਈ ਕਰਦਿਆਂ ਇਸ ਮਾਮਲੇ ਵਿੱਚ ਪਰਮਰਾਜ ਸਿੰਘ ਉਮਰਾਨੰਗਲ ਅਤੇ ਹੋਰਨਾਂ ਨੂੰ ਪੇਸ਼ ਹੋਣ ਲਈ ਕਿਹਾ ਹੈ।

## ਗੁਰੂ ਕਾਸ਼ੀ ਯੂਨੀਵਰਸਿਟੀ ਦੀ ਤੀਸਰੀ ਮੰਜ਼ਿਲ ਤੋਂ ਸਟੂਡੈਂਟ ਨੇ ਛਾਲ ਮਾਰੀ

* ਮੈਨੇਜਮੈਂਟ ਤੋਂ ਛੁੱਟੀ ਮੰਗੀ, ਸਸਪੈਂਡ ਕਰ ਦਿੱਤਾ ਸੀ

ਬਠਿੰਡਾ, 24 ਫਰਵਰੀ (ਪੋਸਟ ਬਿਊਰੋ)- ਤਲਵੰਡੀ ਸਾਬੋ ਦੀ ਇੱਕ ਯੂਨੀਵਰਸਿਟੀ ਦੀ ਤੀਸਰੀ ਮੰਜ਼ਿਲ ਤੋਂ ਇਸ ਦੇ ਇੱਕ ਵਿਦਿਆਰਥੀ ਨੇ ਛਾਲ ਮਾਰ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਦੀ ਖਬਰ ਮਿਲਦੇ ਸਾਰ ਪ੍ਰਸ਼ਾਸਨਿਕ ਅਧਿਕਾਰੀ ਮੌਕੇ ਉੱਤੇ ਪਹੁੰਚੇ ਅਤੇ ਜ਼ਖਮੀ ਵਿਦਿਆਰਥੀ ਨੂੰ ਹਸਪਤਾਲ ਲੈ ਗਏ। ਉਸ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ, ਪਰ ਇਸ ਘਟਨਾ ਦੀ ਵੀਡੀਓ ਵਾਇਰਲ ਹੋ ਰਹੀ ਹੈ।

ਪਤਾ ਲੱਗਾ ਹੈ ਕਿ ਵਿਦਿਆਰਥੀ ਨੇ ਛਾਲ ਮਾਰਨ ਤੋਂ ਪਹਿਲਾਂ ਲਿਖੇ ਪੱਤਰ ਵਿੱਚ ਮੈਨੇਜਮੈਂਟ ਉੱਤੇ ਗੰਭੀਰ ਦੋਸ਼ ਲਾਏ ਹਨ। ਉਸ ਦੀ ਪਛਾਣ ਯੂਨੀਵਰਸਿਟੀ ਦੇ ਖੇਤੀ ਵਿਭਾਗ ਦੇ



ਵਿਦਿਆਰਥੀ ਮਿਥੁਨ ਵਾਸੀ ਕੇਰਲ ਵਜੋਂ ਹੋਈ ਹੈ, ਉਹ ਆਪਣੀ ਮਾਂ ਦੇ ਨਾਲ ਰਹਿੰਦਾ ਹੈ। ਉਸ ਨੂੰ ਕਿਸੇ ਕਾਰਨ ਛੁੱਟੀ ਚਾਹੀਦੀ ਸੀ, ਪਰ ਯੂਨੀਵਰਸਿਟੀ ਮੈਨੇਜਮੈਂਟ ਨੇ ਉਸ ਨੂੰ ਛੁੱਟੀ ਨਹੀਂ ਦਿੱਤੀ। ਨੌਜਵਾਨ ਨੇ ਦੋਸ਼ ਲਾਇਆ ਕਿ ਉਸ ਨੂੰ ਛੁੱਟੀ ਦੇਣ ਦੀਥਾ ਇੱਕ ਸਾਲ ਲਈ ਸਸਪੈਂਡ ਕਰ ਦਿੱਤਾ ਸੀ। ਮਿਥੁਨ ਨੇ ਕਿਹਾ ਕਿ ਉਸ ਦਾ ਭਵਿੱਖ ਧੁੰਦਲਾ ਹੋ ਗਿਆ ਹੈ। ਜੇ ਉਹ ਇੱਕ ਸਾਲ ਕਾਲਜ ਨਹੀਂ ਆਏਗਾ ਤਾਂ ਪੜ੍ਹਾਈ ਕਿਵੇਂ ਕਰੇਗਾ ਅਤੇ ਪੇਪਰ ਕਿਵੇਂ ਦੇਵੇਗਾ। ਮੈਨੇਜਮੈਂਟ ਨੇ ਸਸਪੈਂਡ ਕਰਨ ਦਾ ਕਾਰਨ ਨਹੀਂ ਦਿੱਤਾ। ਇਸ ਤੋਂ ਦੁਖੀ ਹੋ ਕੇ ਉਸ ਨੇ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ। ਥਾਣਾ ਤਲਵੰਡੀ ਸਾਬੋ ਦੇ ਸਬ ਇੰਸਪੈਕਟਰ ਬਲਵਿੰਦਰ ਸਿੰਘ ਇਸ ਦੀ ਜਾਂਚ ਕਰ ਰਹੇ ਹਨ। ਯੂਨੀਵਰਸਿਟੀ ਨੇ ਇਸ ਮਾਮਲੇ ਵਿੱਚ ਫਿਲਹਾਲ ਬਿਨਾਂ ਜਾਂਚ ਦੇ ਕਿਸੇ ਤਰ੍ਹਾਂ ਦੀ ਟਿੱਪਣੀ ਕਰਨ ਤੋਂ ਮਨ੍ਹਾ ਕਰ ਦਿੱਤਾ ਹੈ। ਉਨ੍ਹਾਂ ਨੇ ਇਸ ਦੀ ਜਾਂਚ ਪੜਤਾਲ ਕਰਵਾਉਣ ਦੀ ਗੱਲ ਕਹੀ ਹੈ।

# ਲਾਲ ਕਿਲ੍ਹਾ ਹਿੰਸਾ ਕੇਸ ਵਿੱਚ ਜੰਮੂ ਤੋਂ ਦੋ ਜਣੇ ਹੋਰ ਗ੍ਰਿਫ਼ਤਾਰ

ਜੰਮੂ, 24 ਫਰਵਰੀ (ਪੋਸਟ ਬਿਊਰੋ)- 26 ਜਨਵਰੀ ਨੂੰ ਹੋਈ ਲਾਲ ਕਿਲ੍ਹਾ ਘਟਨਾ ਦੇ ਸਬੰਧ ਵਿੱਚਦਿੱਲੀ ਪੁਲਸ ਨੇ ਕੱਲ੍ਹ ਜੰਮੂ ਤੋਂ ਇੱਕ ਕਿਸਾਨ ਨੇਤਾ ਸਮੇਤ ਦੋ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ।

ਦਿੱਲੀ ਪੁਲਸ ਨੇ ਦੱਸਿਆ ਕਿ 45 ਸਾਲਾ ਮਹਿੰਦਰ ਸਿੰਘ ਸਤਵਾਰੀ ਵਿੱਚ ਚਤਰਾ ਮਿੱਲ ਇਲਾਕੇ ਦਾ ਵਾਸੀ ਹੈ ਅਤੇ ਉਹ ਜੰਮੂ-ਕਸ਼ਮੀਰ ਸੰਯੁਕਤ ਮੋਰਚਾ ਸੰਗਠਨ ਦਾ ਪ੍ਰਧਾਨ ਹੈ। ਮਨਦੀਪ ਸਿੰਘ (23) ਜੰਮੂ ਦੇ ਗੋਲੇ ਗੁਜਰਾਲ ਇਲਾਕੇ ਦਾ ਰਹਿਣ ਵਾਲਾ ਹੈ। ਪੁਲਸ ਨੇ ਦੱਸਿਆ ਕਿ 26 ਜਨਵਰੀ ਦੀ ਘਟਨਾ ਵਿੱਚ ਮੋਹਿੰਦਰ ਸਿੰਘ ਅਤੇ ਮਨਦੀਪ ਸਿੰਘ ਦਾ ਅਹਿਮ ਰੋਲ ਸੀ ਤੇ ਉਹ ਇਸ ਘਟਨਾ ਦੇ ਅਹਿਮ ਸਾਜਿਸ਼ਕਰਤਾ ਹਨ। ਦਿੱਲੀ ਪੁਲਸ ਦੀ ਕ੍ਰਾਈਮ ਬ੍ਰਾਂਚ ਨੇ ਕੱਲ੍ਹ ਰਾਤ ਨੂੰ ਦੋਵਾਂ ਨੂੰ ਹਿਰਾਸਤ ਵਿੱਚ ਲਿਆ ਤੇ ਪੁੱਛਗਿੱਛ ਲਈ ਦਿੱਲੀ ਲੈ ਗਈ। ਦਿੱਲੀ ਪੁਲਸ ਦੇ ਬੁਲਾਰੇ ਮੁਤਾਬਕ ਇਹ ਦੋਵੇਂ ਜਣੇ 26 ਜਨਵਰੀ ਦੀ ਘਟਨਾ ਦੌਰਾਨ ਕਾਫੀ ਸਰਗਰਮ ਅਤੇ ਅਹਿਮ ਸਾਜਿਸ਼ਕਰਤਾ ਸਨ। ਦੂਜੇ ਪਾਸੇ ਮੋਹਿੰਦਰ ਸਿੰਘ ਦੇ ਪਰਵਾਰ ਦਾ ਕਹਿਣਾ ਹੈ ਕਿ ਉਹ ਬੇਕਸੂਰ ਹੈ। ਮੋਹਿੰਦਰ ਸਿੰਘ ਦੀ ਪਤਨੀ ਨੇ ਕਿਹਾ ਕਿ ਮੋਹਿੰਦਰ ਸਿੰਘ ਨੇ ਉਸ ਨੂੰ ਦੱਸਿਆ ਸੀ ਕਿ ਕੱਲ੍ਹ ਜੰਮੂ ਦੇ ਐਸ ਐਸ ਪੀ ਨੇ ਉਸ ਨੂੰ ਫੋਨ ਕੀਤਾ ਅਤੇ ਫੋਨ ਬੰਦ ਹੋਣ ਤੋਂ ਪਹਿਲਾਂ ਉਹ ਗਾਂਧੀ ਨਗਰ ਥਾਣੇ ਚਲਾ ਗਿਆ ਸੀ, ਪਰ ਬਾਅਦ ਵਿੱਚ ਪਤਾ




ਲੱਗਾ ਕਿ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਦਿੱਲੀ ਭੇਜ ਦਿੱਤਾ ਹੈ। ਉਸ ਨੇ ਕਿਹਾ ਕਿ ਜਦੋਂ ਲਾਲ ਕਿਲ੍ਹੇ ਦੀ ਘਟਨਾ ਹੋਈ ਤਾਂ ਉਸ ਸਮੇਂ ਮੋਹਿੰਦਰ ਸਿੰਘ ਦਿੱਲੀ ਸਰਹੱਦ ਉੱਤੇ ਸੀ ਨਾ ਕਿ ਲਾਲ ਕਿਲ੍ਹੇ ਉੱਤੇ।

ਮਹਿੰਦਰ ਸਿੰਘ ਖਾਲਸਾ ਅਤੇ ਮਨਦੀਪ ਸਿੰਘ ਨੂੰ ਗ੍ਰਿਫ਼ਤਾਰ ਕਰਨ ਵਿਰੁੱਧ ਜੰਮੂ-ਪਠਾਨਕੋਟ ਨੈਸ਼ਨਲ ਹਾਈਵੇਅ ਉੱਤੇ ਡਿਗਾਣਾ ਵਿਖੇ ਸਥਾਨਕ ਲੋਕਾਂ ਨੇ ਜ਼ੋਰਦਾਰ ਰੋਸ ਮੁਜ਼ਾਹਰਾ ਕੀਤਾ, ਜਿਸ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਲੋਕਾਂ ਨੇ ਨਾਅਰੇਬਾਜ਼ੀ ਕਰਦੇ ਇਨ੍ਹਾਂ ਦੋਵਾਂ ਦੀ ਰਿਹਾਈ ਦੀ ਮੰਗ ਕੀਤੀ। ਲੋਕਾਂ ਨੇ ਦੋਸ਼ ਲਾਇਆ ਕਿ ਜੰਮੂ ਪੁਲਸ ਨੇ ਦੋਵਾਂ ਨੂੰ ਦੇਰ ਰਾਤ ਧੋਖੇ ਨਾਲ ਘਰੋਂ ਗਾਂਧੀਨਗਰ ਥਾਣੇ ਬੁਲਾ ਕੇ ਦਿੱਲੀ ਪੁਲਸ ਨੂੰ ਸੌਂਪ ਦਿੱਤਾ, ਜਿੱਥੋਂ ਦਿੱਲੀ ਪੁਲਸ ਪੁੱਛਗਿੱਛ ਦੇ ਲਈ ਦਿੱਲੀ ਲੈ ਗਈ ਅਤੇ ਮੋਬਾਈਲ ਫੋਨ ਵੀ ਜ਼ਬਤ ਕਰ ਲਏ ਹਨ। ਮਹਿੰਦਰ ਸਿੰਘ ਖਾਲਸਾ ਦੀ ਪਤਨੀ ਨੇ ਦੱਸਿਆ ਕਿ ਲਾਲ ਕਿਲ੍ਹਾ ਵਿਖੇ ਗਣਤੰਤਰ ਦਿਵਸ ਮੌਕੇ ਵਾਪਰੀ ਹਿੰਸਾ ਵੇਲੇ ਉਸ ਦਾ ਪਤੀ ਉਥੇ ਮੌਜੂਦ ਨਹੀਂ ਸੀ, ਜਦਕਿ ਉਹ ਉਸ ਵੇਲੇ ਦਿੱਲੀ ਸਰਹੱਦ ਉੱਤੇ ਸੀ। ਦਿੱਲੀ ਪੁਲਸ ਉਸ ਨੂੰ ਝੂਠੇ ਮਾਮਲੇ ਵਿੱਚ ਫਸਾ ਰਹੀ ਹੈ।

# ਏਅਰ ਇੰਡੀਆ ਉਤੇ ਤਿੰਨ ਤੇਲ ਕੰਪਨੀਆਂ ਦੇ 3000 ਕਰੋੜ ਰੁਪਏ ਬਕਾਇਆ

ਮੁੰਬਈ, 24 ਫਰਵਰੀ (ਪੋਸਟ ਬਿਊਰੋ)- ਸਰਕਾਰੀ ਹਵਾਬਾਜ਼ੀ ਕੰਪਨੀ ਏਅਰ ਇੰਡੀਆ ਉਤੇ ਤਿੰਨ ਤੇਲ ਕੰਪਨੀਆਂ ਦਾ 3000 ਕਰੋੜ ਰੁਪਏ ਦਾ ਬਕਾਇਆ ਹੈ। ਇਹ ਗੱਲ ਇਸ ਮਾਮਲੇ ਨਾਲ ਜੁੜੇ ਦੋ ਲੋਕਾਂ ਨੇ ਦੱਸੀ ਹੈ। ਉਨ੍ਹਾਂ ਵਿੱਚੋਂ ਇੱਕ ਜਾਣਾ ਇੱਕ ਸੂਬੇ ਵੱਲੋਂ ਸੰਚਾਲਿਤ ਤੇਲ ਮਾਰਕੀਟਿੰਗ ਕੰਪਨੀ (ਓ ਐਮ ਸੀ) ਦਾ ਸੀਨੀਅਰ ਅਧਿਕਾਰੀ ਹੈ। ਉਸ ਨੇ ਕਿਹਾ ਕਿ ਕੰਪਨੀ ਉੱਤੇ ਇੰਡੀਅਨ ਆਇਲ ਕਾਰਪੋਰੇਸ਼ਨ ਲਿਮਟਿਡ ਦਾ 2,000 ਕਰੋੜ, ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ ਅਤੇ ਹਿੰਦੁਸਤਾਨ ਪੈਟਰੋਲੀਅਮ ਲਿਮਟਿਡ ਦਾ 1,000 ਕਰੋੜ ਰੁਪਏ ਦਾ ਬਕਾਇਆ ਹੈ।



ਇਸ ਅਧਿਕਾਰੀ ਨੇ ਕਿਹਾ ਕਿ ਅਸੀਂ ਮਹਾਮਾਰੀ ਦੌਰਾਨ ਵੀ ਏਅਰ ਇੰਡੀਆ ਨੂੰ ਤੇਲ ਦੀ ਸਪਲਾਈ ਕਰਦੇ ਰਹੇ ਹਾਂ। ਓ ਐਮ ਸੀ ਨੇ ਏਅਰ ਇੰਡੀਆ ਨੂੰ ਲਿਖਿਆ ਕਿ ਕੌਮਾਂਤਰੀ ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ ਕਾਰਨ ਬਕਾਇਆ ਦਿੱਤਾ ਜਾਵੇ। ਏਅਰ ਇੰਡੀਆ ਓ ਐਮ ਸੀ ਤੋਂ ਰੋਜ਼ 5-6 ਕਰੋੜ ਰੁਪਏ ਦਾ ਤੇਲ ਖਰੀਦਦੀ ਹੈ। ਇਸ ਏਅਰਲਾਈਨ ਨੂੰ ਪਹਿਲਾਂ 90 ਦਿਨ ਦੀ ਕ੍ਰੈਡਿਟ ਲਿਮਿਟ ਦਿੱਤੀ ਗਈ ਸੀ, ਪਰ ਬਕਾਇਆ ਰਾਸ਼ੀ ਵਿੱਚ ਲੰਮੇ ਸਮੇਂ ਦੀ ਦੇਰੀ ਨੇ ਓ ਐਮ ਸੀ ਕੰਪਨੀ ਨੂੰ ਕੈਸ਼-ਐਂਡ-ਕੈਰੀ ਆਧਾਰ ਉੱਤੇਤੇਲ ਲੈਣ ਨੂੰ ਪ੍ਰੇਰਿਤ ਕੀਤਾ।ਏਅਰ ਇੰਡੀਆ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਏਅਰਲਾਈਨ ਵਿੱਚ ਵਰਕਿੰਗ ਕੈਪੀਟਲ ਦਾ ਕਰੰਚ ਹੈ, ਜਿਸ ਕਾਰਨ ਓ ਐਮ ਸੀ ਲਈ ਪੈਂਡਿੰਗ ਬਕਾਏਦੀ ਦੇਰੀ ਹੋ ਰਹੀ ਹੈ, ਇਸ ਬਕਾਏ ਦਾ ਭੁਗਤਾਨ ਕੀਤਾ ਹੀ ਜਾਏਗਾ। ਇਸ ਤੋਂ ਇਲਾਵਾ ਏਅਰ ਇੰਡੀਆ ਅਤੇ ਓ ਐਮ ਸੀ ਦੋਵੇਂ ਸਰਕਾਰ ਦੀ ਮਾਲਕੀ ਵਿੱਚ ਹਨ, ਅਜਿਹੀਆਂ ਸਥਿਤੀਆਂ ਨੂੰ ਛੇਤੀ ਹੱਲ ਕਰ ਲਿਆ ਜਾਵੇਗਾ।

# ਮੁੰਬਈ ਪੁਲਸ ਨੂੰ ਗੈਂਗਸਟਰ ਰਵੀ ਪੁਜਾਰੀ ਦਾ ਰਿਮਾਂਡ ਨੌਂ ਮਾਰਚ ਤੱਕ ਮਿਲਿਆ



ਗੈਂਗਸਟਰ ਰਵੀ ਪੁਜਾਰੀ ਨੂੰ ਗ੍ਰਿਫਤਾਰ ਕਰਕੇ ਲਿਜਾਂਦੀ ਹੋਈ ਮੁੰਬਈ ਪੁਲਸ।

ਮੁੰਬਈ, 24 ਫਰਵਰੀ (ਪੋਸਟ ਬਿਊਰੋ)- ਮੁੰਬਈ ਪੁਲਸ ਨੇ ਗੈਂਗਸਟਰ ਰਵੀ ਪੁਜਾਰੀ ਨੂੰ ਬੈਂਗਲੁਰੂ ਤੋਂ ਇੱਥੇ ਲਿਆਉਣ ਤੋਂ ਬਾਅਦ ਵਿਸ਼ੇਸ਼ ਮਕੋਕਾ ਅਦਾਲਤ ਵਿੱਚ ਪੇਸ਼ ਕੀਤਾ। ਕੋਰਟ ਨੇ ਉਸ ਨੂੰ 2016 ਦੀ ਗੋਲੀਬਾਰੀ ਦੇ ਇੱਕ ਮਾਮਲੇ ਵਿੱਚ ਨੌਂ ਮਾਰਚ ਤੱਕ ਲਈ ਪੁਲਸ ਹਿਰਾਸਤ ਵਿੱਚ ਭੇਜ ਦਿੱਤਾ ਹੈ।

ਪੁਜਾਰੀ ਨੂੰ ਪਿਛਲੇ ਸਾਲ ਫ਼ਰਵਰੀ ਵਿੱਚ ਦੱਖਣੀ ਅਫ਼ਰੀਕਾ ਤੋਂ ਭਾਰਤ ਲਿਆਂਦਾ ਗਿਆ ਅਤੇ ਬੈਂਗਲੁਰੂ ਦੀ ਇੱਕ ਜੇਲ੍ਹ ਵਿੱਚ ਰੱਖਿਆ ਗਿਆ ਸੀ। ਉਹ ਕਈ ਸਾਲਾਂ ਤੋਂ ਫਰਾਰ ਸੀ। ਕਰਨਾਟਕ ਦੀ ਅਦਾਲਤ ਨੇ 21 ਅਕਤੂਬਰ 2016 ਨੂੰ ਮੁੰਬਈ ਦੇ ਵਿਲੇ ਪਾਰਲੇ ਇਲਾਕੇ ਵਿੱਚ ਗੈਂਗਸਟਰ ਪੁਜਾਰੀ ਨੂੰ ਮੁੰਬਈ ਪੁਲਸ ਨੂੰ ਸੌਂਪਣ ਦੀ ਇਜਾਜ਼ਤ ਦਿੱਤੀ ਸੀ, ਜਿਸ ਤੋਂ ਬਾਅਦ ਪੁਲਸ ਕੱਲ੍ਹ ਉਸ ਨੂੰ ਲਿਆਉਣ ਲਈ ਬੈਂਗਲੁਰੂ ਗਈ ਸੀ। ਇੱਕ ਘਟਨਾ ਮਗਰੋਂ ਮਹਾਰਾਸ਼ਟਰ ਸੰਗਠਿਤ ਅਪਰਾਧ ਕੰਟਰੋਲ ਐਕਟ (ਮਕੋਕਾ) ਦਾ ਕੇਸ ਦਰਜ ਕੀਤਾ ਗਿਆ ਸੀ। ਇੱਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਪੁਜਾਰੀ ਨੂੰ ਕੱਲ੍ਹ ਸੜਕ ਦੇ ਰਸਤੇ ਬੈਂਗਲੁਰੂ ਤੋਂ ਮੁੰਬਈ ਲਿਆਂਦਾ ਗਿਆ। ਇਸ ਕੇਸ ਦੀ ਜਾਂਚ ਕਰ ਰਹੀ ਮੁੰਬਈ ਪੁਲਸ ਦੇ ਸੈਲ ਨੇ ਉਸ ਨੂੰ ਇੱਥੋਂ ਦੀ ਵਿਸ਼ੇਸ਼ ਮਕੋਕਾ ਅਦਾਲਤ ਵਿੱਚ ਪੇਸ਼ ਕੀਤਾ। ਮੁੱਖ ਜੱਜ ਡੀ ਈ ਕੋਥਾਲਿਕਰ ਨੇ ਪੁਜਾਰੀ ਨੂੰ ਨੌਂ ਮਾਰਚ ਤੱਕ ਪੁਲਸ ਹਿਰਾਸਤ ਵਿੱਚ ਭੇਜ ਦਿੱਤਾ। ਪੁਲਸ ਨੇ ਦੱਸਿਆ ਕਿ ਇਸ ਕੇਸ ਵਿੱਚ ਪੁਜਾਰੀ ਦੇ ਸੱਤ ਸਹਿਯੋਗੀ ਪਹਿਲਾਂ ਹੀ ਜੇਲ ਵਿੱਚ ਹਨ। ਉਨ੍ਹਾਂ ਦਸਿਆ ਕਿ ਕਰਨਾਟਕ ਦੇ ਉਡੁਪੀ ਨਾਲ ਤੁਆਲੁਕ ਰੱਖਣ ਵਾਲਾ ਪੁਜਾਰੀ ਵਿਦੇਸ਼ ਤੋਂ ਉਗਰਾਹੀ ਰੈਕੇਟ ਚਲਾਉਂਦਾ ਸੀ।

# ਪੇਕਿਆਂ ਦੇ ਵਾਰਸ ਵੀ ਪਰਵਾਰ ਦਾ ਹਿੱਸਾ ਮੰਨੇ ਜਾਣਗੇ

ਨਵੀਂ ਦਿੱਲੀ, 24 ਫਰਵਰੀ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਹਿੰਦੂ ਔਰਤ ਦੀ ਜਾਇਦਾਦ ਦੇ ਵਿਰਾਸਤਕੇਸ ਵਿੱਚ ਇੱਕ ਅਹਿਮ ਫੈਸਲਾ ਦਿੱਤਾ ਅਤੇ ਕਿਹਾ ਕਿ ਹਿੰਦੂ ਵਿਆਹੁਤਾ ਦੇ ਪੇਕੇ ਪਰਵਾਰ ਦੇ ਵਾਰਸਾਂ ਨੂੰ ਬਾਹਰਲੇ ਲੋਕ ਨਹੀਂ ਕਿਹਾ ਜਾ ਸਕਦਾ। ਉਹ ਔਰਤ ਦੇ ਪਰਵਾਰ ਦੇ ਮੈਂਬਰ ਮੰਨੇ ਜਾਣਗੇ।

ਕੋਰਟ ਨੇ ਕਿਹਾ ਕਿ ਹਿੰਦੂ ਵਿਰਾਸਤ ਐਕਟ ਦੀ ਧਾਰਾ 15 (1) (ਡੀ) ਦੇ ਮੁਤਾਬਕ ਔਰਤ ਦੇ ਪਿਤਾ ਦੇ ਵਾਰਸਾਂ ਨੂੰ ਔਰਤ ਦੀ ਜਾਇਦਾਦ ਦੇ ਵਾਰਸਾਂ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਮੌਕੇ ਕੋਰਟ ਨੇ ਔਰਤ ਦੇ ਦਿਓਰ ਦੇ ਬੱਚਿਆਂ ਦੀ ਪਟੀਸ਼ਨ ਰੱਦ ਕਰ ਦਿੱਤੀ, ਜਿਸ ਵਿੱਚ ਔਰਤ ਵੱਲੋਂ ਆਪਣੇ ਭਰਾ ਦੇ ਬੱਚਿਆਂ ਨੂੰ ਜਾਇਦਾਦ ਦੇਣ ਨੂੰ ਚੁਣੌਤੀ ਦਿੱਤੀ ਗਈ ਸੀ। ਇਹ ਅਹਿਮ ਫੈਸਲਾ ਜਸਟਿਸ ਅਸ਼ੋਕ ਭੂਸ਼ਣ ਅਤੇ ਜਸਟਿਸ ਆਰ ਸੁਭਾਸ਼ ਰੈਡੀ ਦੀ ਬੈਂਚ ਨੇ ਹਾਈ ਕੋਰਟ ਤੇ ਹੇਠਲੀ ਅਦਾਲਤ ਦੇ ਫੈਸਲਿਆਂ ਨੂੰ ਸਹੀ ਮੰਨਦੇ ਹੋਏ ਦਿੱਤਾ ਹੈ। ਕੋਰਟ ਨੇ ਹਰਿਆਣਾ ਦੇ ਇਸ ਕੇਸ ਵਿੱਚ ਇੱਕ ਔਰਤ ਦੇ ਦਿਓਰ ਦੇ ਬੱਚਿਆਂ ਦੀ ਅਪੀਲ ਖਾਰਜ ਕਰ ਦਿੱਤੀ।

ਇਹ ਮਾਮਲਾ ਗੁਰੂਗ੍ਰਾਮ ਦੇ ਸੋਹਾਣਾ ਤਹਿਸੀਲ ਦੇ ਗੜ੍ਹੀ ਬਾਜਿਦਪੁਰ ਪਿੰਡ ਦਾ ਹੈ। ਗੜ੍ਹੀ ਪਿੰਡ ਵਿੱਚ ਬਦਲੂ ਦੀ ਖੇਤੀਯੋਗ ਜ਼ਮੀਨ ਸੀ। ਬਦਲੂ ਦੇ ਦੋ ਪੁੱਤਰ ਬਲੀ ਰਾਮ ਤੇ ਸ਼ੇਰ ਸਿੰਘਸਨ। ਸ਼ੇਰ ਸਿੰਘ ਦੀ 1953 ਵਿੱਚ ਮੌਤ ਹੋ ਗਈ, ਉਸ ਦੀ ਔਲਾਦ ਨਹੀਂ ਸੀ। ਸ਼ੇਰ ਸਿੰਘ ਦੇ ਮਰਨ ਤੋਂ ਬਾਅਦ ਉਸ ਦੀ ਵਿਧਵਾ ਜਗਨੋ ਨੂੰ ਪਤੀ ਦੇ ਹਿੱਸੇ ਦੀ ਅੱਧੀ ਜ਼ਮੀਨ 'ਤੇ ਅਧਿਕਾਰ ਮਿਲਿਆ। ਜਗਨੋ ਨੇ ਫੈਮਿਲੀ ਸੈਟਲਮੈਂਟ ਵਿੱਚ ਆਪਣੇ ਹਿੱਸੇ ਦੀ ਜ਼ਮੀਨ ਆਪਣੇ ਭਰਾ ਦੇ ਪੁੱਤਰਾਂ ਨੂੰ ਦੇ ਦਿੱਤੀ। ਜਗਨੋ ਦੇ ਦਿਓਰ ਦੇ ਪੁੱਤਰਾਂ ਨੇ ਜਗਨੋ ਦੇ ਭਰਾ ਦੇ ਪੁੱਤਰਾਂ ਨੂੰ ਭੂਆ ਤੋਂ ਪਰਵਾਰਕ ਸੈਟਲਮੈਂਟ 'ਚ ਮਿਲੀ ਜ਼ਮੀਨ 'ਤੇ ਦਾਅਵੇ ਦਾ ਕੇਸ ਕੀਤਾ। ਉਸ ਵਿੱਚ ਜਗਨੋ ਨੇ ਲਿਖਤੀ ਬਿਆਨ ਦੇ ਕੇ ਭਰਾ ਦੇ ਪੁੱਤਰਾਂ ਦੇ ਕੇਸ ਦਾ ਸਮਰਥਨ ਕੀਤਾ ਅਤੇ ਕੋਰਟ ਨੇ ਸਮਰਥਨ ਵਿੱਚ ਬਿਆਨ ਆਉਣ ਪਿੱਛੋਂ ਭਰਾ ਦੇ ਪੁੱਤਰਾਂ ਦੇ ਹੱਕ ਵਿੱਚ 19 ਅਗਸਤ 1991 ਨੂੰ ਡਿਗਰੀ ਪਾਸ ਕਰ ਦਿੱਤੀ।ਇਸ ਤੋਂ ਬਾਅਦ ਜਗਨੋ ਦੇ ਦਿਓਰ ਬਾਲੀ ਰਾਮ ਦੇ ਬੱਚਿਆਂ ਨੇ ਅਦਾਲਤ ਵਿੱਚ ਕੇਸ ਕਰ ਕੇ ਪਰਵਾਰਕ ਸਮਝੌਤੇ 'ਚ ਜਗਨੋਂ ਦੇ ਆਪਣੇ ਭਰਾ ਦੇ ਪੁੱਤਰਾਂ ਨੂੰ ਪਰਵਾਰ ਦੀ ਜ਼ਮੀਨ ਦੇਣ ਦਾ ਵਿਰੋਧ ਕੀਤਾ। ਦਿਓਰ ਦੇ ਬੱਚਿਆਂ ਨੇ ਕੋਰਟ ਤੋਂ 19 ਅਗਸਤ 1991 ਦਾ ਹੁਕਮ ਰੱਦ ਕਰਨ ਦੀ ਮੰਗ ਕਰਦੇ ਹੋਏ ਦਲੀਲ ਦਿੱਤੀ ਕਿ ਪਰਵਾਰਕ ਸਮਝੌਤੇ ਵਿੱਚ ਬਾਹਰੀ ਲੋਕਾਂ ਨੂੰ ਪਰਵਾਰ ਦੀ ਜ਼ਮੀਨ ਨਹੀਂ ਦਿੱਤੀ ਜਾ ਸਕਦੀ। ਜੇ ਜਗਨੋ ਦੇ ਭਰਾ ਦੇ ਪੁੱਤਰਾਂ ਨੂੰ ਜ਼ਮੀਨ ਦਿੱਤੀ ਤਾਂ ਉਸ ਨੂੰ ਰਜਿਸਟਰਡ ਕਰਵਾਇਆ ਜਾਣਾ ਚਾਹੀਦਾ ਸੀ ਕਿਉਂਕਿ ਜਗਨੋ ਦੇ ਭਰਾ ਦੇ ਪੁੱਤਰ ਜਗਨੋ ਦੇ ਪਰਵਾਰ ਦੇ ਮੈਂਬਰ ਨਹੀਂ ਮੰਨੇ ਜਾਣਗੇ। ਹੇਠਲੀ ਅਦਾਲਤ ਤੋਂ ਲੈ ਕੇ ਹਾਈ ਕੋਰਟ ਤੱਕ ਮੁਕੱਦਮਾ ਰੱਦ ਹੋਣ ਤੋਂ ਬਾਅਦ ਦਿਓਰ ਦੇ ਬੱਚੇ ਖੁਸ਼ੀ ਰਾਮ ਤੇ ਹੋਰ ਸੁਪਰੀਮ ਕੋਰਟ ਪੁੱਜੇ ਸਨ।

# ਨਾਸਾ ਦੇ ਰੋਵਰ ਨੇ ਮੰਗਲ ਗ੍ਰਹਿ ਤੋਂ ਪਹਿਲੀ ਵੀਡੀਓ ਭੇਜੀ

ਨਵੀਂ ਦਿੱਲੀ, 24 ਫਰਵਰੀ (ਪੋਸਟ ਬਿਊਰੋ)- ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਮੰਗਲ ਗ੍ਰਹਿ ਦੀ ਇੱਕ ਵੀਡੀਓ ਸੋਸ਼ਲ ਮੀਡੀਆ ਉੱਤੇਸ਼ੇਅਰ ਕੀਤੀ ਹੈ। ਇਹ ਵੀਡੀਓਪਿੱਛਲੇ ਦਿਨੀਂ ਮੰਗਲ ਉੱਤੇ ਗਏ ਨਾਸਾ ਦੇ ਪਰਸੀਵਰੈਂਸ ਰੋਵਰ ਨੇ ਭੇਜੀ ਹੈ, ਜਿਸ ਵਿੱਚ ਰੋਵਰ ਨੇ ਪੈਰਾਸ਼ੂਟ ਦੀ ਮਦਦ ਨਾਲ ਮੰਗਲ ਗ੍ਰਹਿ ਦੀ ਲਾਲ ਧਰਤੀ ਉੱਤੇ ਲੈਂਡ ਕਰਨ ਦੇ ਇੱਕ-ਇੱਕ ਪਲ ਨੂੰ ਕੈਮਰੇ ਵਿੱਚ ਕੈਦ ਕੀਤਾ ਹੈ। 19 ਫਰਵਰੀ ਨੂੰ ਮਾਰਸ ਮਿਸ਼ਨ ਹੇਠ ਨਾਸਾ ਦਾ ਪਰਸੀਵਰੈਂਸ ਰੋਵਰ ਧਰਤੀ ਤੋਂ ਉਡਾਣ ਭਰਨ ਤੋਂ ਸੱਤ ਮਹੀਨਿਆਂ ਬਾਅਦ ਸਫਲਤਾਪੂਰਵਕ ਮੰਗਲ ਗ੍ਰਹਿ ਉੱਤੇ ਲੈਂਡ ਹੋਇਆ ਸੀ। ਰੋਵਰ ਨੇ ਮੰਗਲ ਦੀਵੀਡੀਓ ਭੇਜੀ ਤਾਂ ਉਸ ਦੀਆਂ ਪਹਿਲੀਆਂ ਹਾਈ ਡੈਫੀਨੇਸ਼ਨ ਆਵਾਜ਼ਾਂ ਸੁਣਨ ਨੂੰ ਮਿਲੀਆਂ ਹਨ।

ਰਿਕਾਰਡ 25 ਕੈਮਰਿਆਂ ਵਾਲੇ ਪਰਸੀਵਰੈਂਸ ਰੋਵਰ ਨੇ ਵੱਖ-ਵੱਖ ਪਾਸਿਆਂ ਤੋਂ ਮੰਗਲ ਦੀ ਲਾਲ ਬੱਜਰੀ ਵਾਲੀ ਧਰਤੀ ਨੂੰ ਕੈਦ ਕੀਤਾ ਹੈ। ਮੰਗਲ ਦੀ ਸਤ੍ਹਾ ਦੇ ਇੰਨੀ ਨਜ਼ਦੀਕ ਦੀ ਵੀਡੀਓ ਪਹਿਲੀ ਵਾਰ ਆਈ ਹੈ। ਵੀਡੀਓ ਨੂੰ ਦੇਖਣ ਤੋਂ ਪਤਾ ਲੱਗਦਾ ਹੈ



ਕਿ ਮੰਗਲ ਗ੍ਰਹਿ ਦੀ ਸਤ੍ਹਾ ਬਹੁਤ ਖ਼ਰਾਬ ਹੈ, ਜਿਸ ਉੱਤੇ ਵੱਡੇ-ਵੱਡੇ ਟੋਏ ਵੀ ਦਿਖਾਈ ਦੇ ਰਹੇ ਹਨ। ਇਸ ਵੀਡੀਓ ਨੂੰ ਦੇਖ ਕੇ ਪ੍ਰਤੀਤ ਹੁੰਦਾ ਹੈ, ਜਿਵੇਂ ਮੰਗਲ ਗ੍ਰਹਿ ਕੋਈ ਲਾਲ ਰੇਗਿਸਤਾਨ ਹੋਵੇ। ਵੀਡੀਓ ਵਿੱਚ ਦਿਸਦਾ ਹੈ ਕਿ ਜਿਵੇਂ-ਜਿਵੇਂ ਰੋਵਰ ਮੰਗਲ ਗ੍ਰਹਿ ਦੀ ਸਤ੍ਹਾ ਦੇ ਨੇੜੇ ਆਉਂਦਾ ਹੈ, ਉਸ ਦੇ ਜੈਟ ਤੋਂ ਚੱਲਣ ਵਾਲੀਆਂ ਹਵਾਵਾਂ ਕਾਰਨ ਸਤ੍ਹਾ ਉੱਤੇ ਤੇਜ਼ੀ ਨਾਲ ਮਿੱਟੀ ਉਡਣ ਲਗਦੀ ਹੈ। ਇਹ ਵੀਡੀਓ ਉਦੋਂ ਦੀ ਹੈ, ਜਦੋਂ ਰੋਵਰ ਸਤ੍ਹਾ ਤੋਂ ਸਿਰਫ਼ 20 ਮੀਟਰ ਦੀ ਦੂਰ ਸੀ। ਸਤ੍ਹਾ ਦੇ ਕਰੀਬ ਪਹੁੰਚਦਿਆਂ ਹੀ ਰੋਵਰ ਦੇ ਅੱਠ ਪਹੀਏ ਖੁੱਲ੍ਹਣ ਲਗਦੇ ਹਨ ਅਤੇ ਇਸ ਦੇ ਕੁਝ ਸੈਕੰਡ ਬਾਅਦ ਹੀ ਰੋਵਰ ਮੰਗਲ ਗ੍ਰਹਿ ਦੀ ਸਤ੍ਹਾ ਉੱਤੇ ਲੈਂਡ ਕਰ ਜਾਂਦਾ ਹੈ।

# ਸੱਤ ਕਤਲਾਂ ਦੀ ਦੋਸ਼ੀ ਸ਼ਬਨਮ ਦੀ ਫਾਂਸੀ ਮੁੜ ਟਲੀ

ਨਵੀਂ ਦਿੱਲੀ, 24 ਫਰਵਰੀ (ਪੋਸਟ ਬਿਊਰੋ)- ਆਪਣੇ ਪਰਵਾਰ ਦੇ ਸੱਤ ਜੀਆਂ ਦੀ ਹੱਤਿਆ ਕਰਨ ਦੇ ਦੋਸ਼ ਵਿੱਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੀ ਸ਼ਬਨਮ ਦੀ ਫਾਂਸੀ ਇੱਕ ਵਾਰ ਫਿਰ ਟਲ ਗਈ ਹੈ।

ਪਿਛਲੇ ਦਿਨੀਂ ਉਸ ਨੂੰ ਮਥੁਰਾ ਦੀ ਜੇਲ੍ਹ ਵਿੱਚ ਕਦੇ ਵੀ ਫਾਂਸੀ ਦਿੱਤੇ ਜਾਣ ਦੀ ਚਰਚਾ ਚੱਲੀ ਸੀ, ਪਰ ਇਸ ਦੌਰਾਨ ਉਸ ਨੇ ਦੂਜੀ ਵਾਰ ਗਵਰਨਰ ਕੋਲ ਰਹਿਮ ਦੀ ਅਪੀਲ ਦਾਇਰ ਕਰ ਦਿੱਤੀ ਹੈ। ਸ਼ਬਨਮ ਨੇ ਉਤਰ ਪ੍ਰਦੇਸ਼ ਦੀ ਗਵਰਨਰ ਆਨੰਦੀਬੇਨ ਪਟੇਲ ਕੋਲ ਰਹਿਮ ਦੀ ਤਾਜ਼ਾ ਅਪੀਲ ਦਾਇਰ ਕਰਨ ਦਾ ਪਤਾ ਓਦੋਂ ਲੱਗਾ ਜਦੋਂ ਅਮਰੋਹਾ ਦੀ ਅਦਾਲਤ ਵੱਲੋਂ ਸ਼ਬਨਮ ਬਾਰੇ ਵੇਰਵੇ ਮੰਗੇ ਗਏ ਤੇ ਸਰਕਾਰੀ ਵਕੀਲ ਨੇ ਦੱਸਿਆ ਕਿ ਕੱਲ੍ਹ ਰਾਮਪੁਰ ਜੇਲ੍ਹ ਰਾਹੀਂ ਸ਼ਬਨਮ ਨੇ ਫਾਂਸੀ ਰੋਕਣ ਲਈ ਪਟੀਸ਼ਨ ਦਾਇਰ ਕੀਤੀ ਹੈ। ਜਦੋਂ ਤੱਕ ਇਸ ਰਹਿਮ ਦੀ ਅਪੀਲ ਦਾ ਫ਼ੈਸਲਾ ਨਹੀਂ ਹੋ ਜਾਂਦਾ, ਸ਼ਬਨਮ ਨੂੰ ਫਾਂਸੀ ਨਹੀਂ ਦਿੱਤੀ ਜਾ ਸਕਦੀ। ਵਰਨਣ ਯੋਗ ਹੈ ਕਿ ਸ਼ਬਨਮ ਨੇ ਦੂਜੀ ਵਾਰ ਗਵਰਨਰ ਕੋਲ ਦਇਆ ਦੀ ਪਟੀਸ਼ਨ ਭੇਜੀ ਹੈ ਤੇ ਇਹ ਪਟੀਸ਼ਨ ਅੱਗੇ ਰਾਸ਼ਟਰਪਤੀ ਨੂੰ ਭੇਜੀ ਜਾਵੇਗੀ, ਉਨ੍ਹਾਂ ਵੱਲੋਂ ਇਸ ਪਟੀਸ਼ਨ ਉੱਤੇ ਫ਼ੈਸਲਾ ਲੈਣ ਬਾਅਦ ਹੀ ਅਦਾਲਤ ਕੋਈ ਫ਼ੈਸਲਾ ਲੈ ਸਕੇਗੀ। ਉਸ ਸਮੇਂ ਤੱਕ ਸ਼ਬਨਮ ਦੀ ਫਾਂਸੀ ਟਲ ਗਈ ਹੈ। ਦੱਸਣ ਯੋਗ ਹੈ ਕਿ ਆਰਟੀਕਲ 32 ਤਹਿਤ ਰਾਸ਼ਟਰਪਤੀ ਨੂੰ ਦੋ ਵਾਰ ਦਇਆ ਪਟੀਸ਼ਨ ਭੇਜੀ ਜਾ ਸਕਦੀ ਹੈ।

# ਮਹਾਰਾਣੀ ਐਲਿਜ਼ਾਬੈਥ ਦੇ ਰਿਸ਼ਤੇਦਾਰ ਨੂੰ ਬਲਾਤਕਾਰ ਦੀ ਕੋਸ਼ਿਸ਼ ਦੇ ਕੇਸ ਵਿੱਚ 10 ਮਹੀਨੇ ਕੈਦ

ਲੰਡਨ, 24 ਫਰਵਰੀ (ਪੋਸਟ ਬਿਊਰੋ)- ਬ੍ਰਿਟੇਨ ਦੀ ਕੁਈਨ ਐਲਿਜ਼ਾਬੈਥ ਦੇ ਰਿਸ਼ਤੇਦਾਰ ਸਾਈਮਨ ਬੋਵਸ ਲਿਓਨ ਨੂੰ ਇੱਕ ਮਹਿਮਾਨ ਨਾਲ ਬਲਾਤਕਾਰ ਦੀ ਕੋਸ਼ਿਸ਼ ਦਾ ਦੋਸ਼ੀ ਕਰਾਰ ਦਿੱਤੇ ਜਾਣ ਪਿੱਛੋਂ ਅਦਾਲਤ ਨੇ 10 ਮਹੀਨੇ ਦੀ ਸਜ਼ਾ ਕੀਤੀ ਹੈ ਅਤੇ 10 ਸਾਲ ਲਈ ਸਰੀਰਕ ਸ਼ੋਸ਼ਣ ਦੇ ਅਪਰਾਧੀਆਂ ਵਿੱਚ ਨਾਂਅ ਦਰਜ ਕਰਨ ਦੇ ਹੁਕਮ ਦਿੱਤੇ ਹਨ।



ਸਾਈਮਨ ਬੋਵਸ, ਜੋ ਇਸ ਸਮੇਂ ਅਰਲ ਆਫ਼ ਸਟਰੈਥਮੋਰ ਅਤੇ ਕਿੰਗਹਾਰਨ ਹੈ, ਨੇ ਇਹ ਅਪਰਾਧ ਪਿਛਲੇ ਸਾਲ ਗਲੈਮਿਸ ਕਾਸਲ ਵਿਖੇ ਹੋਏ ਇੱਕ ਸਮਾਰੋਹ ਦੌਰਾਨ ਕੀਤਾ। ਇਹ ਕੈਸਲ ਮਹਾਰਾਣੀ ਦੀ ਮਾਂ ਦਾ ਘਰ ਸੀ। ਓਦੋਂ ਪੀੜਤ ਔਰਤ ਇੱਕ ਕਮਰੇ ਵਿੱਚ ਸੁੱਤੀ ਸੀ। ਰਿਪੋਰਟ ਅਨੁਸਾਰ 34 ਸਾਲਾ ਸਾਈਮਨ ਬੋਵਸ-ਲਿਓਨ ਨੇ ਔਰਤ ਨਾਲ 20 ਮਿੰਟ ਤੱਕ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ। ਔਰਤ ਨੇ ਦੋਸ਼ ਲਾਇਆ ਕਿ ਅਰਲ ਆਫ਼ ਸਟਰੈਥਮੋਰ ਅਤੇ ਕਿੰਗਹਾਰਨ ਨੇ ਬਹੁਤ ਸ਼ਰਾਬ ਪੀਤੀ ਹੋਈ ਸੀ। ਔਰਤ ਨੇ ਸਾਈਮਨ ਦਾ ਪੂਰੀ ਤਾਕਤ ਨਾਲ ਵਿਰੋਧ ਕੀਤਾ ਤੇ ਕਮਰੇ ਵਿੱਚੋਂ ਬਾਹਰ ਆ ਕੇ ਹੋਰ ਮਹਿਮਾਨਾਂ ਨੂੰ ਇਸ ਬਾਰੇ ਦੱਸਿਆ। ਡੂੰਡੀ ਕਰਾਊਨ ਕੋਰਟ ਨੇ ਸਾਈਮਨ ਨੂੰ ਬੀਤੇ ਸਾਲ 13 ਫਰਵਰੀ ਨੂੰ ਵਾਪਰੇ ਉਕਤ ਜਿਨਸੀ ਹਮਲੇ ਦਾ ਦੋਸ਼ੀ ਕਰਾਰ ਦੇ ਦਿੱਤਾ ਸੀ ਅਤੇ 10 ਮਹੀਨੇ ਕੈਦ ਦੀ ਸਜ਼ਾ ਸੁਣਾਈ ਹੈ।

# ਆਸਟਰੇਲੀਆ ਵਿੱਚ ਫੇਸਬੁੱਕ ਫਿਰ ਤੋਂ ਖਬਰਾਂ ਦੇਣਾ ਸ਼ੁਰੂ ਕਰੇਗੀ

ਮੈਲਬਰਨ, 24 ਫਰਵਰੀ (ਪੋਸਟ ਬਿਊਰੋ)- ਆਸਟਰੇਲੀਆ ਸਰਕਾਰ ਵੱਲੋਂ ਸੋਸ਼ਲ ਮੀਡੀਆ 'ਤੇ ਖਬਰੀ ਅਦਾਰਿਆਂ ਨੂੰ ਖਬਰਾਂ ਦਾ ਮੁੱਲ ਦੇਣ ਬਾਰੇ ਕਾਨੂੰਨ 'ਚ ਢਿੱਲ ਦੇਣ ਮਗਰੋਂ ਕੱਲ੍ਹ ਫੇਸਬੁੱਕ ਨੇ ਐਲਾਨ ਕੀਤਾ ਹੈ ਕਿ ਫਿਰ ਜਲਦੀ ਹੀ ਇਸ ਮੰਚ ਤੋਂ ਖਬਰਾਂ ਸਾਂਝੀਆਂ ਕਰਨ ਦੀ ਖੁੱਲ੍ਹ ਦਿੱਤੀ ਜਾਵੇਗੀ।

ਕੁਝ ਦਿਨ ਪਹਿਲਾਂ ਫੇਸਬੁੱਕ ਨੇ ਆਸਟਰੇਲੀਆ ਵਿੱਚ ਆਪਣੇ ਪਲੇਟਫਾਰਮ ਤੋਂ ਸਥਾਨਕ ਅਖਬਾਰਾਂ ਅਤੇ ਮੀਡੀਆ ਅਦਾਰਿਆਂ ਦੇ ਪੇਜਾਂ 'ਤੇ ਰੋਕ ਲਾ ਦਿੱਤੀ ਸੀ, ਜਿਸ ਮਗਰੋਂ ਲੋਕਾਂ ਨੇ ਨਾਰਾਜ਼ਗੀ ਜ਼ਾਹਿਰ ਕੀਤੀ ਸੀ। ਖਜ਼ਾਨਾ ਮੰਤਰੀ ਦੇ ਮੁਤਾਬਕ ਫੇਸਬੁੱਕ ਦੀ ਇਸ ਕਾਰਵਾਈ ਦੇ ਪਹਿਲੇ ਦਿਨ ਤੋਂ ਇਸ ਦੇ ਮਾਲਕ ਮਾਰਕ ਜ਼ੁਕਰਬਰਗ ਨਾਲ ਚੱਲੀ ਗੱਲਬਾਤ ਦੇ ਸਾਰਥਕ ਨਤੀਜੇ ਨਿਕਲੇ ਹਨ ਅਤੇ ਸਹਿਮਤੀ ਮਗਰੋਂ ਫੇਸਬੁਕ ਮੁੜ ਆਸਟਰੇਲੀਆ ਵਿੱਚ ਖਬਰਾਂ ਸਾਂਝੀਆਂ ਕਰਨ ਦੀ ਖੁੱਲ੍ਹ ਦੇਵੇਗਾ। ਸਰਕਾਰ ਨੇ ਨਵੀਂ ਢਿੱਲ ਵਿੱਚ ਮੀਡੀਆ ਅਦਾਰਿਆਂ ਨਾਲ ਅਸਹਿਮਤੀ 'ਤੇ ਫੇਸਬੁੱਕ ਨੂੰ ਸਮਝੌਤੇ ਤੋਂ ਕਿਸੇ ਵੇਲੇ ਵੀ ਬਾਹਰ ਆਉਣ ਦੀ ਖੁੱਲ੍ਹ ਦਿੱਤੀ ਹੈ, ਜਦ ਕਿ ਪਹਿਲਾਂ 'ਸਮਝੌਤਾ ਤੋੜਨ ਉਤੇ ਸਖਤ ਕਾਰਵਾਈ' ਦੀ ਮੱਦ ਨੂੰ ਅਗਲੇ ਹਫਤੇ ਆ ਰਹੇ ਕਾਨੂੰਨ ਦਾ ਹਿੱਸਾ ਬਣਾਉਣ ਦੀ ਤਿਆਰੀ ਸੀ। ਇਸ ਫੈਸਲੇ ਨਾਲ ਉਨ੍ਹਾਂ ਸਥਾਨਕ ਛੋਟੇ ਤੇ ਖੇਤਰੀ ਖਬਰੀ



ਅਦਾਰਿਆਂ ਨੇ ਸੁੱਖ ਦਾ ਸਾਹ ਲਿਆ ਹੈ, ਜੋ ਆਪਣੀਆਂ ਖਬਰਾਂ ਦੀ ਪਹੁੰਚ ਲਈ ਫੇਸਬੁੱਕ 'ਤੇ ਜ਼ਿਆਦਾ ਨਿਰਭਰ ਸਨ, ਪਰ ਹਾਲੇ ਵੀ ਕੰਪਨੀ ਨੇ ਖਬਰਾਂ ਦੀ ਅਦਾਇਗੀ ਸਬੰਧੀ ਖੁੱਲ੍ਹ ਕੇ ਆਪਣਾ ਪੱਖ ਨਹੀਂ ਰੱਖਿਆ, ਜਦ ਕਿ ਗੂਗਲ ਦਾ ਮੀਡੀਆ ਅਦਾਰਿਆਂ ਨਾਲ ਇਸ ਸਬੰਧੀ ਸਮਝੌਤਾ ਹੋ ਚੁੱਕਿਆ ਹੈ। ਫੇਸਬੁੱਕ ਆਪਣੇ ਇਸ ਰਵੱਈਏ ਨਾਲ ਭਾਵੇਂ ਸਰਕਾਰ ਨੂੰ ਆਪਣੇ ਪੱਖ ਵਿੱਚ ਕਰਨ ਵਿੱਚ ਸਫਲ ਹੋ ਗਈ ਹੈ, ਪਰ ਕੰਪਨੀ ਵੱਲੋਂ ਜ਼ਿੰਮੇਵਾਰੀ ਤੋਂ ਪਹਿਲਾਂ ਵਿੱਤੀ ਹਿੱਤ ਅੱਗੇ ਰੱਖਣ ਦੀ ਪਹੁੰਚ ਕਾਰਨ ਆਮ ਲੋਕਾਂ ਨੇ ਇਸ ਦੀ ਆਲੋਚਨਾ ਕੀਤੀ ਹੈ।

# ਇਮਰਾਨ ਖਾਨ ਭਾਰਤ ਦਾ ਏਅਰ ਸਪੇਸ ਵਰਤ ਕੇ ਸ਼੍ਰੀਲੰਕਾ ਪੁੱਜੇ

ਕੋਲੰਬੋ, 24 ਫਰਵਰੀ (ਪੋਸਟ ਬਿਊਰੋ)- ਭਾਰਤ ਵੱਲੋਂ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਜਹਾਜ਼ ਨੂੰ ਆਪਣੇ ਏਅਰਸਪੇਸ ਦੀ ਵਰਤੋਂ ਦੀ ਮਨਜ਼ੂਰੀ ਦੇਣ ਪਿੱਛੋਂ ਉਹ ਕੱਲ੍ਹ ਭਾਰਤੀ ਏਅਰਸਪੇਸ ਰਾਹੀਂ ਸ਼੍ਰੀਲੰਕਾ ਪੁੱਜੇ। ਜੇਕਰ ਭਾਰਤ ਇਜਾਜ਼ਤ ਨਾ ਦਿੰਦਾ ਤਾਂ ਇਮਰਾਨ ਖਾਨ ਦੇ ਜਹਾਜ਼ ਨੂੰ ਕਾਫੀ ਘੁੰਮ ਕੇ ਲੰਬੇ ਰਸਤੇ ਤੋਂ ਸ਼੍ਰੀਲੰਕਾ ਜਾਣਾ ਪੈਂਦਾ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਇਹ ਸ਼੍ਰੀਲੰਕਾ ਦੀ ਪਹਿਲੀ ਯਾਤਰਾ ਹੈ।ਉਹ ਵਪਾਰ, ਰੱਖਿਆ ਅਤੇ ਟੈਕਨਾਲੋਜੀ ਵਰਗੇ ਵੱਖ-ਵੱਖ ਮੁੱਦਿਆਂ ਉੱਤੇ ਸ਼੍ਰੀਲੰਕਾ ਦੀ ਚੋਟੀ ਦੀ ਲੀਡਰਸ਼ਿਪ ਨਾਲ ਗੱਲਬਾਤ ਕਰਨਗੇ। 2019 ਵਿੱਚ ਪਾਕਿਸਤਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਉਡਾਣਾਂ ਲਈ



ਆਪਣਾ ਏਅਰਸਪੇਸ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਓਦੋਂ ਨਰਿੰਦਰ ਮੋਦੀ ਨੇ ਅਮਰੀਕਾ ਅਤੇ ਸਾਊਦੀ ਅਰਬ ਜਾਣਾ ਸੀ ਤੇ ਪਾਕਿਸਤਾਨ ਨੇ ਕਸ਼ਮੀਰ ਵਿੱਚ ਮਨੁੱਖੀ ਅਧਿਕਾਰ ਉਲੰਘਣਾ ਦਾ ਕਾਰਨ ਦੱਸਿਆ ਸੀ। ਆਮ ਤੌਰ ਉੱਤੇ ਵੀ ਵੀ ਆਈ ਪੀ ਏਅਰਕ੍ਰਾਫਟਾਂ ਨੂੰ ਇਜਾਜ਼ਤ ਦੇ ਦਿੱਤੀ ਜਾਂਦੀ ਹੈ।ਭਾਰਤ ਨੇ ਇਸ ਦੀ ਸ਼ਿਕਾਇਤ ਇੰਟਰਨੈਸ਼ਨਲ ਸਿਵਲ ਏਵੀਏਸ਼ਨ ਆਰਗੇਨਾਈਜ਼ੇਸ਼ਨ ਵਿੱਚ ਕੀਤੀ ਸੀ।

# ਕਾਰ ਤੇ ਟਰੱਕ ਵਿਚਾਲੇ ਟੱਕਰ ਕਾਰਨ ਛੇ ਜਣਿਆਂ ਦੀ ਮੌਤ

ਪਟਨਾ, 24 ਫਰਵਰੀ (ਪੋਸਟ ਬਿਊਰੋ)- ਬਿਹਾਰ ਦੇ ਕਟਿਹਾਰ ਵਿੱਚ ਸੜਕ ਹਾਦਸੇ ਦੌਰਾਨ ਛੇ ਲੋਕਾਂ ਦੀ ਮੌਤ ਹੋ ਗਈ ਤੇ ਤਿੰਨ ਲੋਕ ਗੰਭੀਰ ਜ਼ਖ਼ਮੀ ਹੋ ਗਏ। ਇਹ ਹਾਦਸਾ ਨੈਸ਼ਨਲ ਹਾਈਵੇਅ 31 ਨੇੜੇ ਵਾਪਰਿਆ।

ਹਾਦਸੇ ਦਾ ਸ਼ਿਕਾਰ ਹੋਏ ਲੋਕ ਸਮਸਤੀਪੁਰ ਜ਼ਿਲ੍ਹੇ ਦੇ ਵਸਨੀਕ ਦੱਸੇ ਜਾ ਰਹੇ ਹਨ। ਇਥੇ ਪੁਲ ਉੱਤੇ ਤੇਜ਼ ਰਫ਼ਤਾਰ ਟਰੱਕ ਅਤੇ ਐਸਯੂਵੀ ਵਿਚਾਲੇ ਟੱਕਰ ਦੌਰਾਨ ਕਾਰ ਸਵਾਰ ਨੌਂ ਲੋਕਾਂ ਵਿੱਚੋਂ ਛੇ ਦੀ ਮੌਤ ਹੋ ਗਈ ਤੇ ਤਿੰਨ ਲੋਕ ਗੰਭੀਰ ਜ਼ਖ਼ਮੀ ਦੱਸੇ ਗਏ ਹਨ। ਸਥਾਨਕ ਪ੍ਰਸ਼ਾਸਨ ਨੇ ਘਟਨਾ ਵਾਲੀ ਥਾਂ ਉੱਤੇ ਪਹੁੰਚ ਕੇ ਕਾਰਵਾਈ ਸ਼ੁਰੂ ਕਰ ਦਿੱਤੀ। ਕਾਰ ਵਿੱਚ ਸਵਾਰ ਪਰਵਾਰ ਆਪਣੀ ਲੜਕੀ ਦੇ ਵਿਆਹ ਲਈ ਲੜਕਾ ਦੇਖਣ ਫੁਲਵਰੀਆ ਗਿਆ ਅਤੇ ਲੜਕਾ ਦੇਖਣ ਤੋਂ ਬਾਅਦ ਵਾਪਸ ਘਰ ਜਾ ਰਹੇ ਸੀ। ਇਸ ਦੌਰਾਨ ਹਾਦਸਾ ਵਾਪਰ ਗਿਆ।

# ਨੇਪਾਲੀ ਪਾਰਲੀਮੈਂਟ ਨੂੰ ਭੰਗ ਕਰਨ ਦਾ ਫ਼ੈਸਲਾ ਸੁਪਰੀਮ ਕੋਰਟ ਵੱਲੋਂ ਰੱਦ

ਕਾਠਮੰਡੂ, 24 ਫਰਵਰੀ (ਪੋਸਟ ਬਿਊਰੋ)- ਨੇਪਾਲ ਦੇ ਮੌਜੂਦਾ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਨੂੰ ਸੁਪਰੀਮ ਕੋਰਟ ਵੱਲੋਂ ਵੱਡਾ ਝਟਕਾ ਲਗਿਆ ਹੈ। ਸੁਪਰੀਮ ਕੋਰਟ ਨੇ 20 ਦਸੰਬਰ ਨੂੰ ਨੇਪਾਲੀ ਪਾਰਲੀਮੈਂਟ ਦੀ ਪ੍ਰਤੀਨਿਧੀ ਸਭਾ ਭੰਗ ਕਰ ਦੇਣ ਦੇ ਫ਼ੈਸਲੇ ਨੂੰ ਰੱਦ ਕਰ ਕੇ13 ਦਿਨਾਂ ਦੇ ਅੰਦਰ ਸਦਨ ਦੀ ਬੈਠਕ ਸੱਦਣ ਦਾ ਹੁਕਮ ਦਿੱਤਾ ਹੈ।



ਜਸਟਿਸ ਚੋਲੇਂਦਰ ਸ਼ਮਸ਼ੇਰ ਰਾਣਾ ਦੀ ਅਗਵਾਈ ਵਾਲੀ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਸਾਰੇ ਪੱਖਾਂ ਵੱਲੋਂ ਪੇਸ਼ ਕੀਤੇ ਤੱਥਾਂ ਦਾ ਅਧਿਐਨ ਕਰਨ ਦੇ ਬਾਅਦ ਫ਼ੈਸਲਾ ਦਿੱਤਾ ਹੈ। ਪਿਛਲੇ ਦਿਨੀਂ ਸੁਪਰੀਮ ਕੋਰਟ ਵਿੱਚ ਬਹਿਸ ਦੌਰਾਨ ਨਿਆਂ ਮਿੱਤਰ ਵੱਜੋਂ ਪੇਸ਼ ਵਕੀਲਾਂ ਨੇ ਕਿਹਾ ਸੀ ਕਿ ਸਦਨ ਨੂੰ ਭੰਗ ਕਰਨ ਦਾ ਪ੍ਰਧਾਨ ਮੰਤਰੀ ਓਲਾ ਦਾ ਫ਼ੈਸਲਾ ਗੈਰ ਸੰਵਿਧਾਨਕ ਸੀ। ਨਿਆਂ ਮਿੱਤਰ ਵੱਲੋਂ ਪੰਜ ਸੀਨੀਅਰ ਵਕੀਲਾਂ ਨੇ ਅਦਾਲਤ ਵਿੱਚ ਪੱਖ ਰਖਿਆ ਸੀ। ਸੁਣਵਾਈ ਦੌਰਾਨ ਇੱਕ ਸੀਨੀਅਰ ਵਕੀਲ ਪੂਰਨਮਾਨ ਸ਼ਾਕਯ ਨੇ ਕਿਹਾ ਕਿ ਨੇਪਾਲ ਦੇ ਸੰਵਿਧਾਨ ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਪਾਰਲੀਮੈਂਟਨੂੰ ਭੰਗ ਕਰਨ ਦਾ ਅਧਿਕਾਰ ਨਹੀਂ ਹੈ, ਇਹ ਰਾਜਨੀਤੀ ਨਹੀਂ, ਸੰਵਿਧਾਨਕ ਮੁੱਦਾ ਹੈ, ਇਸ ਲਈ ਅਦਾਲਤ ਨੂੰ ਇਸ ਵਿੱਚ ਦਖ਼ਲ ਦੇਣਾ ਚਾਹੀਦਾ ਹੈ। ਇੱਕ ਜੱਜ ਨੇ ਪ੍ਰਧਾਨ ਮੰਤਰੀ ਦੇ ਫ਼ੈਸਲੇ ਨੂੰ ਸੰਵਿਧਾਨਕ ਦਸਿਆ ਤੇ ਇੱਕ ਨੇ ਕਿਹਾ ਕਿ ਸਦਨ ਨੂੰ ਗ਼ਲਤ ਨੀਤ ਨਾਲ ਭੰਗ ਕੀਤਾ ਗਿਆ। ਇੱਕ ਮੈਂਬਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਪਾਰਲੀਮੈਂਟਭੰਗ ਕਰਨ ਦਾ ਅਧਿਕਾਰ ਹੈ।

# ਪਾਕਿਸਤਾਨ 'ਚ 62 ਸਾਲਾ ਪਾਰਲੀਮੈਂਟ ਮੈਂਬਰ ਵੱਲੋਂ 14 ਸਾਲਾ ਬੱਚੀ ਨਾਲ ਵਿਆਹ

ਇਸਲਾਮਾਬਾਦ, 24 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੀ ਜਮੀਅਤ ਉਲੇਮਾ-ਏ-ਇਸਲਾਮ ਦੇ ਪਾਰਲੀਮੈਂਟ ਮੈਂਬਰ ਸਲਾਹਉਦੀਨ ਅਯੂਬੀ (62) ਨੇ 14 ਸਾਲ ਦੀ ਬੱਚੀ ਨਾਲ ਵਿਆਹ ਕੀਤਾ ਹੈ।

ਮਾਮਲਾ ਕੁਝ ਸਾਲ ਪੁਰਾਣਾ ਹੈ, ਪਰ ਤਦ ਇਸ ਦੀ ਪੁਸ਼ਟੀ ਨਹੀਂ ਹੋਈ ਸੀ। ਇੱਕ ਸਵੈਸੇਵੀ ਸੰਗਠਨ ਦੀ ਅਪੀਲ 'ਤੇ ਪੁਲਸ ਇਸ ਦੀ ਜਾਂਚ ਕਰਨ ਜਾ ਰਹੀ ਹੈ। ਬੱਚੀ ਦੇ ਪਿਤਾ ਨੇ ਵੀ ਨਿਕਾਹ ਦੀ ਪੁਸ਼ਟੀ ਕੀਤੀ ਹੈ। ਪਾਕਿਸਤਾਨ ਵਿੱਚ ਨਿਕਾਹ ਕਾਨੂੰਨ ਦੇ ਤਹਿਤ ਲੜਕੀਆਂ ਦੇ ਵਿਆਹ ਦੀ ਉਮਰ 16 ਸਾਲ ਹੈ। ਜੇ ਇਸ ਤੋਂ ਘੱਟ ਉਮਰ ਵਿੱਚ ਵਿਆਹ ਕੀਤਾ ਜਾਂਦਾ ਹੈ ਤਾਂ ਇਹ ਗੈਰ-ਕਾਨੂੰਨੀ ਹੈ। ਮੌਲਾਨਾ ਅਯੂਬੀ ਬਲੋਚਿਸਤਾਨ ਦੇ ਚਿਤ੍ਰਾਲ ਤੋਂ ਪਾਰਲੀਮੈਂਟ ਮੈਂਬਰ ਹੈ। ਉਸ ਨੇ ਕਦੇ ਇਸ ਮਾਮਲੇ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ। ਉਹ ਮੌਲਾਨਾ ਫਜ਼ਲੁਰ ਰਹਿਮਾਨ ਦੀ ਪਾਰਟੀ ਤੋਂ ਪਾਰਲੀਮੈਂਟ ਮੈਂਬਰ ਹਨ। ਰਹਿਮਾਨ ਇਸ ਸਮੇਂ ਪਾਕਿਸਤਾਨ ਡੈਮੋਕ੍ਰੇਟਿਕ ਫਰੰਟ (ਪੀ ਡੀ ਐਫ) ਦੇ ਵੀ ਨੇਤਾ ਹਨ ਅਤੇ ਇਹ ਮੋਰਚਾ ਇਮਰਾਨ ਸਰਕਾਰ ਦੇ ਖਿਲਾਫ ਦੇਸ਼ ਵਿੱਚ ਅੰਦੋਲਨ ਚਲਾ ਰਿਹਾ ਹੈ।

'ਦ ਡਾਨ' ਅਖਬਾਰ ਦੀ ਰਿਪੋਰਟ ਮੁਤਾਬਕ ਬੱਚੀ ਦੇ ਸਕੂਲ ਨੇ ਉਸ ਦਾ



ਜਨਮ ਸਰਟੀਫਿਕੇਟ ਮੀਡੀਆ ਨੂੰ ਜਾਰੀ ਕੀਤਾ ਹੈ, ਜਿਸ ਵਿੱਚ ਉਸ ਦੀ ਜਨਮ ਤਰੀਕ 28 ਅਕਤੂਬਰ 2006 ਦੱਸੀ ਗਈ ਹੈ। ਇਸ ਪਿੱਛੋਂ ਸਥਾਨਕ ਸੰਗਠਨ ਨੇ ਪੁਲਸ ਵਿੱਚ ਸ਼ਿਕਾਇਤ ਦਰਜ ਕਰਵਾਈ। ਇਸ ਦੀ ਜਾਂਚ ਹੋਵੇਗੀ। ਚਿਤ੍ਰਾਲ ਥਾਣੇ ਦੇ ਇੰਸਪੈਕਟਰ ਸੱਜਾਦ ਅਹਿਮਦ ਨੇ ਸ਼ਿਕਾਇਤ ਦਰਜ ਹੋਣ ਦੀ ਪੁਸ਼ਟੀ ਕੀਤੀ ਹੈ।ਮਾਮਲੇ ਨੇ ਜ਼ੋਰ ਫੜਿਆ ਤਾਂ ਲੜਕੀ ਦੇ ਪਿਤਾ ਨੇ ਪੁਲਸ ਕੋਲ ਮੌਲਾਨਾ ਅਤੇ ਆਪਣੀ 14 ਸਾਲ ਦੀ ਬੇਟੀ ਦੇ ਵਿਆਹ ਤੋਂ ਇਨਕਾਰ ਕਰ ਦਿੱਤਾ ਸੀ। ਜਦ ਸਥਾਨਕ ਪ੍ਰਸ਼ਾਸਨ ਦੇ ਦੂਸਰੇ ਅਫਸਰ ਇਸ ਬਾਰੇ ਜਾਣਕਾਰੀ ਲੈਣ ਘਰ ਪਹੁੰਚੇ ਤਾਂ ਲੜਕੀ ਦੇ ਪਿਤਾ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਬੇਟੀ ਜਦ ਤੱਕ 16 ਸਾਲ ਦੀ ਨਹੀਂ ਹੁੰਦੀ, ਤਦ ਤੱਕ ਉਹ ਉਸ ਨੂੰ ਪਾਰਲੀਮੈਂਟਮੈਂਬਰ ਦੇ ਘਰ ਲਈ ਵਿਦਾ ਨਹੀਂ ਕਰਨਗੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services: Complete Basement, Tiles, Bathrooms, Plumbing, Laminate, Hardwood Floor, Painting
A-1 RENOVATION GTA INC.
22 Listcreek Road, Brampton L6p 2n6

You can (905)793-2202
Place Your Business Here
To Reach Wider Audience

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ: 110 Glidden Rd., Brampton
ਜਾਂ ਫੇਰ ਈ-ਮੇਲ ਕਰੋ: jbrown@dundasjafine.com kkaur@dundasjafine.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Call Us For Guaranteed Lowest Airfare
ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com
E-mail- info@nuwaytravels.com

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2", ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11" ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ੍ਹੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8", ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8", ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11", ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7", ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3", ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3", ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4", Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

905-793-2202
ਪੰਜਾਬੀ ਪੋਸਟ

UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Family Sponsorship
* Permanent Residence Card Renewal
* Citizenship Application
* Spousal Applications
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AVTAR UPPAL Manager
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜ਼ਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days a Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

